ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਚੰਡੀਗੜ੍ਹ ਡਿਸਟਿਲਰੀਸ ਅਤੇ ਬੋਟਲਰਸ ਲਿਮਟਿਡ, ਪਿੰਡ ਬਨੂੜ, ਜਿਲਾ ਐਸ.ਏ.ਐਸ. ਨਗਰ ਵੱਲੋ ਪਲਾਂਟ ਵਿੱਚ ਵਾਧੇ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 08.08.2012 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਦਿਲਰਾਜ ਸਿੰਘ, ਪੀਸੀਐਸ,
   ਅਡੀਸ਼ਨਲ ਡਿਪਟੀ ਕਮਿਸ਼ਨਰ,
   ਐਸ.ਏ.ਐਸ. ਨਗਰ।
2. ਇੰਜੀ. ਜੋਗਿੰਦਰ ਸਿੰਘ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਐਸ.ਏ.ਐਸ.ਨਗਰ
3. ਇੰਜੀ: ਐਸ.ਐਸ.ਮਠਾੜੂ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ ।

ਵਾਤਾਵਰਨ ਇੰਜੀਨੀਅਰ (ਮੈਗਾ) ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਚੰਡੀਗੜ੍ਹ ਡਿਸਟਿਲਰੀਸ ਅਤੇ ਬੋਟਲਰਸ ਲਿਮਟਿਡ, ਪਿੰਡ ਬਨੂੜ, ਜਿਲਾ ਐਸ.ਏ.ਐਸ. ਨਗਰ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਸਨੇ ਦੱਸਿਆ ਕਿ ਮੈਸ: ਚੰਡੀਗੜ੍ਹ ਡਿਸਟਿਲਰੀਸ ਅਤੇ ਬੋਟਲਰਸ ਲਿਮਟਿਡ, ਨੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਸ ਲਈ ਅਰਜ਼ੀ ਦਾਖਲ ਕੀਤੀ ਗਈ ਹੈ ਤਾਂ ਜੋ ਕੰਪਨੀ ਆਪਣੀ ਉਤਪਾਦਨ ਦੀ ਸਮਰੱਥਾ ਵਿੱਚ ਵਾਧਾ ਕਰ ਸਕੇ । ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਇੰਡਸਟਰੀ ਵੱਲੋ ਵਾਧੇ ਲਈ ਦਿੱਤੀ ਗਈ ਅਰਜੀ ਬਾਰੇ ਕੋਈ ਕਾਰਵਾਈ ਜਾਂ ਫੈਸਲਾ ਕਰਨ ਤੋ ਪਹਿਲਾਂ ਲੋਕ ਸੁਣਵਾਈ ਕਰਨਾ ਜਰੂਰੀ ਹੈ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਕਿ ਇੰਡਸਟਰੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਐਸ.ਏ.ਐਸ ਨਗਰ; ਜਿਲ੍ਹਾ ਪਰੀਸ਼ਦ ਐਸ.ਏ.ਐਸ ਨਗਰ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਐਸ.ਏ.ਐਸ ਨਗਰ; ਐਕਜੈਕਟਿਵ ਅਫਸਰ ਮਿਊਸੀਪਲ ਕੋਸਲ ਬਨੂੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ ਦਫਤਰ, ਐਸ.ਏ.ਐਸ ਨਗਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ)

ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਿਊਨ (ਅੰਗਰੇਜੀ ਰੋਜਾਨਾ) ਵਿੱਚ ਮਿਤੀ 07-07-2012 ਅਤੇ ਅਜੀਤ (ਪੰਜਾਬੀ) ਵਿੱਚ ਮਿਤੀ 08.07.2012 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ। ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋ ਪਿੱਛੋ ਉਹਨਾਂ ਇੰਡਸਟਰੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਐਚ.ਐਸ.ਮਠਾੜੂ, ਜੋ ਕਿ ਮੈਸ: ਜੇ.ਐਮ.ਇਨਵਾਇਰੋਨੇਟ ਪ੍ਰਾਈਵੇਟ ਲਿਮਟਿਡ, ਗੁੜਗਾਂਓ ਤੋਂ ਆਏ ਸਨ ਅਤੇ ਪ੍ਰੋਮੋਟਰ ਕੰਪਨੀ ਦੇ ਵਾਤਾਵਰਣ ਸਲਾਹਕਾਰ ਹਨ, ਨੇ ਵਿਸਥਾਰ ਵਿੱਚ ਯੂਨਿਟ ਵਿੱਚ ਵਾਧੇ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:

1 ਮੈਸਰਜ ਚੰਡੀਗੜ੍ਹ ਡਿਸਟਿਲਰੀਸ ਅਤੇ ਬੌਟਲਰਸ ਲਿਮਟਿਡ ਕੋਲ ਮੌਜੂਦਾ ਸਮੇਂ ਅਨਾਜ ਅਤੇ ਸੀਰਾ ਆਧਾਰਿਤ ਡਿਸਟਿਲਰੀ 330 ਕਿਲੋ ਲੀਟਰ ਪ੍ਰਤੀ ਦਿਨ (165 ਕਿਲੋ ਲੀਟਰ ਪ੍ਰਤੀ ਦਿਨ ਅਨਾਜ ਜਾਂ ਸੀਰੇ ਤੇ ਆਧਾਰਿਤ ਅਤੇ 165 ਕਿਲੋ ਲੀਟਰ ਪ੍ਰਤੀ ਦਿਨ ਅਨਾਜ ਤੇ ਆਧਾਰਿਤ ਹੈ) ਦੀ ਸਮਰਥਾ ਦੀ ਹੈ ਜਿਸ ਦੇ ਨਾਲ 8.25 ਮੈਗਾਵਾਟ ਅਤੇ 3.1 ਮੈਗਾਵਾਟ ਦੇ ਦੋ ਸਹਿਉਤਪਤੀ ਪਾਵਰ ਪਲਾਂਟ ਲੱਗੇ ਹੋਏ ਹਨ । ਇਹ ਉਦਯੋਗ 170 ਏਕੜ ਰਕਬੇ ਵਿਚ ਬਨੂੜ, ਜਿਲ੍ਹਾ ਮੋਹਾਲੀ ਦੀ ਮਾਲੀਆ ਮਿਲਖ ਵਿਚ ਸਥਿਤ ਹੈ।

2 ਮੌਜੂਦਾ ਉਤਪਾਦਨ ਸਮਰਥਾ ਦੇ ਲਈ ਉਦਯੋਗ ਕੋਲ ਮਿਤੀ 06/09/2014 ਤਕ ਵਾਟਰ ਐਕਟ, 1974 ਅਤੇ ਹਵਾ ਐਕਟ, 1981 ਦੇ ਅਧੀਨ ਕੰਨਸੈਂਟਾਂ ਪ੍ਰਾਪਤ ਕੀਤੀਆਂ ਹੋਈਆਂ ਹਨ ।

3 ਵਰਤਮਾਨ ਸਮੇਂ ਪਾਣੀ ਖਪਤ 4190 ਘਣ ਮੀਟਰ ਪ੍ਰਤੀ ਦਿਨ ਦੀ ਹੈ।

4 165 ਕਿਲੋ ਲੀਟਰ ਪ੍ਰਤੀ ਦਿਨ ਆਧਾਰਿਤ ਡਿਸਟਲਰੀ ਤੋਂ ਪੈਦਾ ਹੋਏ ਉਤਪ੍ਰਵਾਹ ਨੂੰ ਐਫਲੂਐਂਟ ਪਲਾਟ ਵਿੱਚ ਸੋਧਿਆ ਜਾਂਦਾ ਹੈ ਜੋ ਕਿ ਜੀਰੋ ਤਰਲ ਨਿਕਾਸ ਤੇ ਆਧਾਰਿਤ ਹੈ । 165 ਕਿਲੋ ਲੀਟਰ ਪ੍ਰਤੀ ਦਿਨ ਸੀਰਾ ਅਧਾਰਿਤ ਡਿਸਟਲਰੀ ਤੋਂ ਪੈਦਾ ਹੋਏ ਉਤਪ੍ਰਵਾਹ ਨੂੰ ਟਰੀਟਮੈਂਟ ਪਲਾਂਟ ਜੋ ਕਿ ਬਾਇਲੋਜੀਕਲ ਟਰੀਟਮੈਂਟ ਸਿਸਟਮ ਤੇ ਅਧਾਰਿਤ ਹੈ, ਰਾਂਹੀ ਸੋਧਿਆ ਜਾਂਦਾ ਹੈ ਅਤੇ ਸੋਧੇ ਹੋਏ ਉਤਪ੍ਰਵਾਹ ਨੂੰ ਕਰਨਾਲ ਤਕਨਾਲੋਜੀ ਦੇ ਅਨੁਸਾਰ ਵਿਕਸਤ ਕੀਤੇ ਗਏ ਪਲਾਟੇਸ਼ਨ ਵਾਲੇ ਖੇਤਰ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ।

5 ਮੌਜੂਦਾ ਵਗਦੇ ਉਪਚਾਰ ਪਲਾਂਟ ਦੀ ਰੂਪ ਰੇਖਾ ਨਿਮਨ ਅਨੁਸਾਰ ਹੈ:-




## Existing Plant scheme of the ETP

6 ਈ.ਐਸ.ਪੀ ਬਤੌਰ ਹਵਾ ਸੋਧਕ ਯੰਤਰ ਬਾਇਲਰ ਨਾਲ ਲੱਗੇ ਹੋਏ ਹਨ ਤਾਂ ਜੋ ਪਾਰਟੀਕੁਲੇਟ ਮੈਟਰ ਨੂੰ ਅਮਿਸ਼ਨ ਵਿੱਚ ਪੀ.ਪੀ.ਸੀ.ਬੀ. ਵਲੋਂ ਨਿਰਧਾਰਤ ਮਾਪਦੰਡਾਂ ਦੇ ਵਿੱਚ ਰੱਖਿਆ ਜਾਵੇ ।

7 ਉਦਯੋਗ ਦੀ ਤਜਵੀਜ ਹੈ ਕਿ (330 ਕਿਲੋ ਲੀਟਰ ਪ੍ਰਤੀ ਦਿਨ ਅਨਾਜ ਆਧਾਰਿਤ ਡਿਸਟਲਰੀ ਲਗਾਕੇ) ਇਸ ਦੀ ਮੌਜੂਦਾ ਉਤਪਾਦਨ ਸਮਰੱਥਾ ਵਿੱਚ 330 ਕਿਲੋਲੀਟਰ ਪ੍ਰਤੀ ਦਿਨ ਤੋਂ ਵਾਧਾ ਕਰਕੇ 660 ਕਿਲੋਲੀਟਰ ਪ੍ਰਤੀ ਦਿਨ ਕੀਤਾ ਜਾ ਸਕੇ । ਜਿਸ ਦੇ ਨਾਲ ਚਾਵਲ ਦੀ ਫੱਕ ਤੇ ਆਧਾਰਿਤ 8.25 ਮੈਗਾਵਾਟ ਸਮਰਥਾ ਦਾ ਸਹਿਉਤਪਤੀ ਪਾਵਰ ਪਲਾਂਟ ਵੀ ਲਗਾਇਆ ਜਾਵੇਗਾ ।

8 ਵਿਸਥਾਰ ਯੋਜਨਾ ਲਈ ਟੀ.ਓ.ਆਰ ਐਮ.ਓ.ਈ.ਐਫ਼ ਦੁਆਰਾ ਪੱਤਰ ਨੰ: J-1101/454/2011/1A-11 (I) ਮਿਤੀ 21 ਫਰਵਰੀ 2012 ਰਾਂਹੀ ਜਾਰੀ ਕੀਤੇ ਗਏ ਸਨ।

9 ਤਕਰੀਬਨ 2970 ਘਣ ਮੀਟਰ ਪ੍ਰਤੀ ਦਿਨ ਹੋਰ ਪਾਣੀ ਦੀ ਜਰੂਰਤ ਪਵੇਗੀ ਜਿਸਦੀ ਪੂਰਤੀ ਜਮੀਨੀ ਪਾਣੀ ਚੋ ਕੀਤੀ ਜਾਵੇਗੀ।

10 ਵਿਸਥਾਰ ਯੋਜਨਾ ਤੋ ਪੈਦਾ ਹੋਣ ਵਾਲੇ ਉਤਪ੍ਰਵਾਹ ਨੂੰ ਇੱਕ ਟਰੀਟਮੈਂਟ ਪਲਾਂਟ ਰਾਂਹੀ ਸੋਧਿਆ ਜਾਵੇਗਾ ਜੋ ਕਿ ਜੀਰੋ ਤਰਲ ਨਿਕਾਸ ਤੇ ਆਧਾਰਿਤ ਹੋਵੇਗਾ ਕਿਉਂਜੋ ਡਿਕੇਂਨਟੇਸ਼ਨ ਅਤੇ ਜੀਵ-ਮਿਥੇਨਾਈਜੇਸ਼ਨ ਤੋਂ ਬਾਅਦ ਉਤਪ੍ਰਵਾਹ ਪ੍ਰਭਾਵੀ ਵਾਸ਼ਪੀਕਰਣ ਵਿਚ ਜਾਵੇਗਾ

ਅਤੇ ਕੰਡਨਸੇਟ ਨੂੰ ਸਮੁਚੇ ਤੌਰ ਤੇ ਮੁੜ ਪ੍ਰਕ੍ਰਿਆਵਾ ਦੇ ਵਿਚ ਪੁਨਰ ਚੱਕਰ ਵਿਚ ਲਿਆਂਦਾ ਜਾਵੇਗਾ । ਜੀਰੋ ਨਿਕਾਸੀ ਸਕੀਮ ਹੇਠ ਦਿੱਤੇ ਅਨੁਸਾਰ ਹੋਵੇਗੀ ।




11 <u>ਵਾਤਾਵਰਨ ਪ੍ਰਬੰਧ ਯੋਜਨਾ</u>

<u>ਹਵਾ ਪ੍ਰਬੰਧ</u>

- ਬਾਇਲਰ ਦੇ ਲਈ 56 ਮੀਟਰ ਉਚਾਈ ਵਾਲੀ ਚਿਮਨੀ ਲਗਾਈ ਜਾਵੇਗੀ ਜੋ ਵਾਤਾਵਰਣ ਵਿੱਚ ਗੈਸ ਨਿਕਾਸ ਦਾ ਖਿੰਡਾਓ ਹੋਵੇਗੀ । ਡੀ.ਜੀ. ਸੈਟਾਂ ਤੇ ਵੀ ਨਿਰਧਾਰਤ ਉਚਾਈਆਂ ਵਾਲੀਆਂ ਚਿਮਨੀਆਂ ਦੀ ਉਚਾਈ ਛੱਤ ਤੋਂ ਉਪਰ ਤੱਕ ਹੋਵੇ, ਲਗਾਈਆਂ ਜਾਣਗੀਆਂ ।
- ਬਾਇਲਰ ਦੀ ਚਿਮਨੀ ਵਿੱਚੋਂ ਨਿਕਲਣ ਵਾਲੀਆਂ ਆਮਿਸ਼ਨ ਦੇ ਵਿੱਚ ਪਾਰਟੀਕੁਲੇਟ ਮੈਟਰ ਦੀ ਮਾਤਰਾ ਨੂੰ ਈ.ਐਸ.ਪੀ. ਦੀ ਸਥਾਪਨਾ ਦਵਾਰਾ ਆਗਿਆਯੋਗ ਸੀਮਾ ਦੇ ਵਿਚ-ਵਿਚ ਰਖਿਆ ਜਾਵੇਗਾ।
- ਆਲੇ ਦੁਆਲੇ ਦੀ ਹਵਾ ਮਾਤਰਾ ਅਤੇ ਚਿਮਨੀ ਨਿਕਾਸੀ ਦਾ ਨਿਯਮਿਤ ਤੌਰ ਤੇ ਨਿਰੀਖਣ ਕੀਤਾ ਜਾਵੇਗਾ ਅਤੇ ਅਸਰਦਾਰ ਨਿਯੰਤਰਣ ਲਿਆਂਦਾ ਜਾਵੇਗਾ। ਤਾਂ ਜੋ ਚਿਮਨੀ ਨਿਕਾਸੀ ਮਾਪਦੰਡਾਂ ਦੀ ਪੂਰਤੀ ਸਮੁੱਚੇ ਸਮੇ ਲਈ ਕੀਤੀ ਜਾਵੇ।
- ਫਿਰਨੀ ਅਤੇ ਅਹਾਤਿਆਂ ਦੇ ਦੁਆਲੇ ਹਰੀ ਪੱਟੀ ਵਿਕਸਤ ਕੀਤੀ ਜਾਵੇਗੀ ਜਿਹੜੀ ਪਲਾਂਟ ਵਿੱਚੋਂ ਨਿਕਲਣ ਵਾਲੇ ਪ੍ਰਦੂਸ਼ਣ ਤੇ ਕਾਬੂ ਪਾਵੇਗੀ ।

## ਪਾਣੀ ਪ੍ਰਬੰਧ

- ਡਿਸਟਿਲਰੀ ਹੀਰੋ ਨਿਕਾਸੀ ਹੈ ਇਸ ਲਈ ਇਸ ਤੋ ਹਮੀਨੀ ਜਾਂ ਧਰਾਤਲੀ ਪਾਣੀ ਨੂੰ ਕੋਈ ਖਤਰਾ ਨਹੀ। ਤਹਵੀਹਤ ਵਿਸਥਾਰ ਨਾਲ ਉਤਪ੍ਰਵਾਹ ਨਿਕਾਸੀ ਵਿਚ ਕੋਈ ਵਾਧਾ ਨਹੀਂ ਹੋਵੇਗਾ।
- ਪ੍ਰਗਤੀਤੀਲ ਤਕਨੀਕ ਦੇ ਸੰਮਿਲਿਤ ਹੋਣ ਨਾਲ ਅਰਥਾਤ ਬਹੁ ਪ੍ਰਭਾਵੀ ਵਾਤਪੀਕਰਨ ਨਾਲ ਅੰਤਿਮ ਉਤਪ੍ਰਵਾਹ ਦੀ ਮਾਤਰਾ ਦੀ ਕਾਫੀ ਕਟੌਤੀ ਹੋਵੇਗੀ ਜਿਸ ਨੂੰ ਪੁਨਰ ਵਰਤੋ ਦੇ ਕਾਬਿਲ ਬਣਾਇਆ ਜਾਵੇਗਾ ਜਿਸ ਦੇ ਸਿੱਟੇ ਵਜੋ ਪਾਣੀ ਸੰਭਾਲ ਹੋਵੇਗੀ।
- ਪਲਾਂਟ ਵਿਚ ਮੌਜੂਦਾ ਈ.ਟੀ.ਪੀ. ਨੂੰ ਉਤਪ੍ਰਵਾਹ ਦੇ ਉਪਚਾਰ ਲਈ ਵਰਤਿਆ ਜਾਵੇਗਾ ਜੋ ਪ੍ਰਕ੍ਰਿਆ, ਫਰਸ਼ ਧੁਲਾਈ, ਬਾਇਲਰ ਬਲੋ ਡਾਊਨ ਆਦਿ ਤੋ ਪੈਦਾ ਹੋਵੇਗਾ।
- ਵਿਗਿਆਨਕ ਤੌਰ ਤੇ ਡਿਜਾਇ਼ਨ ਕੀਤੇ ਗਏ ਰੇਨ ਵਾਟਰ ਹਾਰਵੇਸਵਿਟੰਗ ਸਿਸਟਮ ਦਵਾਰਾ ਵਰਖਾ ਦਾ ਪਾਣੀ ਜਮੀਨੀ ਪਾਣੀ ਵਿੱਚ ਰਿਚਾਰਜ ਕਰਨ ਲਈ ਵਰਤਿਆ ਜਾਵੇਗਾ ।

## ਸੋਰ ਵਾਤਾਵਰਨ

ਉਦਯੋਗਿਕ ਪਰਿਚਾਲਨਾਂ ਦੇ ਵੱਖ-ਵੱਖ ਹਿੱਸਿਆਂ ਤੋ ਕੁਝ ਮਾਤਰਾ ਵਿਚ ਸੋਰ ਵੀ ਪੈਦਾ ਹੋਵੇਗਾ, ਜਿਸ ਤੇ ਉਚਿਤ ਸਾਂਭ ਸੰਭਾਲ ਅਤੇ ਕੰਮਪੈਕਟ ਤਕਨਾਲੋਜੀ ਦੇ ਨਾਲ ਕਾਬੂ ਪਾਇਆ ਜਾਵੇਗਾ।

- ਸਮੇ-ਸਮੇ ਤੇ ਮਛੀਨਰੀਆਂ ਨੂੰ ਤੇਲ ਦੇਣ ਦਾ ਕੰਮ ਅਤੇ ਸਰਵਿਸ ਕੀਤੀ ਜਾਇਆ ਕਰੇਗੀ।
- ਟਰਬਾਈਨ ਅਤੇ ਡੀ਼ਜੀ਼ ਸੈੱਟਾਂ ਦੇ ਲਈ ਧੁਨੀ ਸਿਧਾਂਤ ਵਰਤੇ ਜਾਣਗੇ।
- ਹਰੀ ਪੱਟੀ ਵਿਕਾਸ (ਚਾਰ ਦਿਵਾਰੀ ਦੇ ਨਾਲ-ਨਾਲ ਘਣੇ ਦਰਖਤ ਲਗਾਉਣੇ) ਨਾਲ ਪਲਾਂਟ ਵਿਚ ਸ਼ੋਰ ਪੱਧਰ ਘੱਟ ਹੋਣ ਵਿਚ ਮਦਦ ਮਿਲੇਗੀ।
- ਡਿਜਾਈਨ ਸ਼ੋਰ ਪੱਧਰਾ ਅਤੇ ਸ਼ੋਰ ਘਟਾਉਣ ਲਈ ਚੁਕੇ ਜਾਣ ਵਾਲੇ ਕਦਮਾਂ ਨੂੰ ਪੂਰਨ ਵਿਚਾਰਣ ਉਪਰੰਤ ਪਲਾਂਟ ਮਸੀਨਰੀ ਦਾ ਭਵਿਖ ਦਾ ਵਿਸਥਾਰ ਅਤੇ ਸਥਾਪਨਾ ਕੀਤੀ ਜਾਵੇਗੀ।
- ਕਾਮਿਆਂ ਨੂੰ ਨਿੱਜੀ ਸੁਰੱਖਿਅਤ ਉਪਕਰਨ ਪ੍ਰਦਾਨ ਕੀਤੇ ਜਾਣਗੇ।
- ਨਿਯਤਕਾਲੀ ਨਿਰੀਖਣ ਨਿਯਮਿਤ ਆਧਾਰ ਤੇ ਕੀਤਾ ਜਾਵੇਗਾ।

ਠੋਸ ਰਹਿੰਦ-ਖੂੰਹਦ ਪ੍ਰਬੰਧ

- ਅਨਾਜ ਆਧਾਰਿਤ ਪਰਿਚਾਲਣਾਂ ਤੋ ਆਮ ਤੌਰ ਤੇ ਠੋਸ ਰਹਿੰਦ ਖੂੰਹਦਾਂ ਵਿਚ ਰਖਛਖ ਅਤੇ ਪ੍ਰੋਟੀਨ ਛਾਮਲ ਹੁੰਦੇ ਹਨ ਜੋ ਗਿੱਲੀ ਪੇਪੜੀ (345 ਟ੍ਰੀ.ਪੀ.ਡੀ.) ਦੇ ਰੂਪ ਵਿਚ ਹੁੰਦੇ ਹਨ, ਆਦਰਤ ਤੌਰ ਤੇ ਪਛੂ ਚਾਰੇ ਵਜੋ ਵਰਤੇ ਜਾਦੇ ਹਨ।
- ਖਮੀਰ ਦੀ ਗਾਰ ਨੂੰ ਗਿੱਲੀ ਪੇਪੜੀ ਵਿਚ ਵਰਤਿਆ ਜਾਵੇਗਾ।
- ਬਾਇਲਰਾਂ (44 ਟੀਡੀ.ਪੀ) ਤੋ ਰਾਖ ਨੂੰ ਪੁਨਰਚੱਕਰ ਲਈ ਇੱਟਾਂ ਦੇ ਨਿਰਮਾਤਾਵਾਂ ਕੋਲ ਵੇਚਿਆ ਜਾਵੇਗਾ ਅਤੇ ਕਿਸਾਨਾਂ ਨੂੰ ਮਿੱਟੀ ਦੀ ਹਾਲਤ ਵਧੀਆ ਰਖਣ ਲਈ ਦਿਤੀ ਜਾਵੇਗੀ।

12 ਪ੍ਰੋਜੈਕਟ ਲਾਭ

- ਤਜਵੀਜਤ ਵਿਸਥਾਰ ਪ੍ਰੋਜੈਕਟ ਨਾਲ ਦਿਹਾਤੀਆਂ ਲਈ ਰੋਹਗਾਰ ਸੰਭਾਵਨਾ ਵਧੇਗੀ। ਵਿਸਥਾਰ ਤੋ ਬਾਅਦ 35 ਹੋਰ ਲੋਕਾਂ ਦੀ ਲੋੜ ਹੋਵੇਗੀ। ਉਸਾਰੀ ਦੇ ਕੰਮ ਲਈ ਪ੍ਰਤੀ ਦਿਨ 100-150 ਮਹਦੂਰਾਂ ਦੀ ਲੋੜ ਹੋਵੇਗੀ । ਇਸ ਨਾਲ ਦਿਹਾਤੀਆਂ ਦਾ ਜੀਵਨ ਮਿਆਰ ਉੱਚਾ ਉਠਣ ਵਿਚ ਮਦਦ ਮਿਲੇਗੀ।
- ਪੈਦਾ ਹੋਣ ਵਾਲੀ ਵਾਧੂ ਬਿਜਲੀ ਰਾਜ/ਸਥਾਨਕ ਗ੍ਰਿਡ ਨੂੰ ਨਿਰਯਾਤ ਹੋਵੇਗੀ ਜਿਸ ਕਰਕੇ ਇਹ ਸਨਅਤ ਬਿਜਲੀ ਘਾਟਾ ਨੂੰ ਘਟਾਉਣ ਲਈ ਯੋਗਦਾਨ ਪਾਵੇਗੀ ।
- ਸਮਾਜ ਦੀ ਭਲਾਈ ਅਤੇ ਇਲਾਕੇ ਦੇ ਵਿਕਾਸ ਲਈ ਵਿਕਾਸ ਕਾਰਜ ਵੀ ਕੀਤੇ ਜਾਣਗੇ।

13 ਨਿਗਮੀ ਸਮਾਜਕ ਹਿਮੇਦਾਰੀ

- ਨਿਗਮੀ ਸਮਾਜਕ ਜਿਮੇਦਾਰੀ ਕੰਪਨੀ ਦੀ ਫਿਲਾਸਫੀ ਵਿਚ ਜੜ੍ਹੀ ਹੋਈ ਹੈ। ਇਹ ਸਨੱਅਤ ਉਨ੍ਹਾਂ ਵਰਗਾਂ ਦੇ ਨਾਲ ਰੁੱਝੇ ਹੋਏ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਤੌਰ ਤੇ ਉਨ੍ਹਾਂ ਦੇ ਪਰਿਚਾਲਣਾਂ ਦੀ ਨੇੜ੍ਹਤਾ ਵਿਚ ਹਨ। ਇਲਾਕੇ ਵਿਚ ਜਨਤਕ ਲਾਭ ਦੀ ਵਿਸਤ੍ਰਿਤ ਰੇਜ ਲਈ ਪੂੰਜੀ ਦੀ ਵੱਡੀ ਮਾਤਰਾ ਰਖੀ ਜਾ ਚੁਕੀ ਹੈ। ਕੰਪਨੀ ਸ਼ੀਐਸ਼ਆਰ਼ ਗਤੀਵਿਧੀਆਂ ਲਈ ਨੇੜ੍ਹੇ ਦੇ ਦਿਹਾਤੀਆਂ ਦੇ ਜੀਵਨ ਪੱਧਰ ਵਿਚ ਵਿਕਾਸ ਅਤੇ ਪਦ ਉਨਤੀ ਕਰਕੇ ਬਹੁਤ ਮਦਦਗਾਰ ਹੈ। ਸ਼ੀਐਸ਼ਆਰ ਗਤੀਵਿਧੀਆਂ ਵਿਚ ਸਮਾਜ, ਵਾਤਾਵਰਨ ਅਤੇ ਕਰਮਚਾਰੀ ਭਲਾਈ ਸ਼ਾਮਲ ਹਨ। ਸ਼ੀਐਸ਼ਆਰ ਗਤੀਵਿਧੀਆਂ ਵਿਚ ਸਦੀਵੀ ਵਿਕਾਸ ਦੇ ਤਿੰਨ ਹਰੂਰ ਤੱਤਾਂ ਵਲ ਧਿਆਨ ਦਿਤਾ ਜਾਂਦਾ ਹੈ ਜਿਵੇਂ ਕਿ ਆਰਥਿਕਤਾ, ਵਾਤਾਵਰਣ ਅਤੇ ਸਮਾਜ਼।

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ

ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ, ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰਬਰ | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1. | ਸ੍ਰੀ ਕਰਨਬੀਰ ਸੈਂਥੀ ਥੰਮਨ, ਬਨੂੰੜ, ਜ਼ਿਲ੍ਹਾ ਐਸ.ਏ.ਐਸ. ਨਗਰ। | | ਸ੍ਰੀ ਰਾਜੀਵ ਭੰਡਾਰੀ, ਉਦਯੋਗ ਦੇ ਉਪ ਪ੍ਰਧਾਨ ਨੇ ਦਸਿਆ ਕਿ:- |
| | | • ਡਿਸਟਿਲਰ ਦੀ ਸਮਰਥਾ 330 ਕੇ.ਐਲ.ਪੀ.ਡੀ. ਤੋ ਵਧਾ ਕੇ 660 ਕੇ.ਐਲ.ਪੀ.ਡੀ. ਕੀਤੀ ਜਾਣੀ ਹੈ। ਜਿਵੇ ਮੈਨੂੰ ਪਤਾ ਹੈ ਕਿ ਸ਼ਰਾਬ ਦੇ 1 ਕਿਲੋ ਲਿਟਰ ਦੇ ਉਤਪਾਦਨ ਲਈ ਪਾਣੀ ਲੋੜ ਦੀ ਖ਼ਪਤ ਲਗਭਗ 15 ਕਿਲੋ ਲਿਟਰ ਹੁੰਦੀ ਹੈ। ਇਸ ਲਈ ਜ਼ਮੀਨੀ ਪਾਣੀ ਦੇ ਨਿਖੇੜ੍ਹਨ ਵਿੱਚ ਚੋਖਾ ਵਾਧਾ ਹੋਣਾ ਚਾਹੀਦਾ ਹੈ। ਭਾਵੇ ਕਿ ਉਦਯੋਗ ਦੇ ਵਾਤਾਵਰਨਕ ਸਲਾਹਕਾਰ ਨੇ ਸੂਚਿਤ ਕੀਤਾ ਹੈ ਕਿ ਪਾਣੀ ਦੀ ਖ਼ਪਤ ਘਟੇਗੀ। ਮੈ ਇਹ ਜਾਨਣਾ ਚਾਹੁੰਦਾ ਹਾਂ ਕਿ ਪਾਣੀ ਦੀ ਖ਼ਪਤ ਵਿੱਚ ਕਿਵੇ ਕਟੌਤੀ ਹੋਵੇਗੀ। | • ਆਧੁਨਿਕ ਤਕਨਾਲੋਜੀ ਮਸ਼ੀਨਰੀ ਸਥਾਪਤ ਕੀਤੀ ਜਾਵੇਗੀ ਅਤੇ ਇਸ ਤਕਨਾਲੋਜੀ ਦੇ ਨਾਲ ਸ਼ਰਾਬ ਦੀ ਪੈਦਾਵਾਰ 7 ਪ੍ਰਤੀਸ਼ਤ ਤੋ 16 ਪ੍ਰਤੀਸ਼ਤ ਤੱਕ ਵਧੇਗੀ, ਇਸ ਪ੍ਰਕਾਰ ਬੇਕਾਰ ਪਾਣੀ ਦੀ ਉਤਪਤੀ ਵਿੱਚ ਕਟੌਤੀ ਆਵੇਗੀ ਇਸ ਸਮੇ, ਉਦਯੋਗ ਅਨਾਜ ਆਧਾਰਿਤ ਡਿਸਟਿਲਰੀ ਵਿੱਚ ਸ਼ਰਾਬ ਦੀ 16 ਪ੍ਰਤੀਸ਼ਤ ਪੈਦਾਵਾਰ ਪ੍ਰਾਪਤ ਕਰ ਰਿਹਾ ਹੈ। ਕਿਉ ਜੋ ਨਵੀ ਤਕਨਾਲੋਜੀ ਦੇ ਨਾਲ ਸ਼ਰਾਬ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ, ਇਸ ਪ੍ਰਕਾਰ ਇਸ ਨਾਲ ਪਾਣੀ ਦੀ ਖ਼ਪਤ ਘਟਦੀ ਹੈ। |
| | | • ਇਲਾਕੇ ਦਾ ਜ਼ਮੀਨੀ ਪਾਣੀ ਦਾ ਪੱਧਰ ਪਹਿਲਾਂ ਹੀ ਬਹੁਤ ਨੀਵਾਂ ਹੈ ਅਤੇ ਉਦਯੋਗ ਦਵਾਰਾ ਨਿਖੇੜਨ ਲਈ ਜ਼ਮੀਨੀ ਪਾਣੀ ਦੀ ਮਾਤਰਾ ਵਿੱਚ ਵਾਧੇ ਦੇ | • ਉਦਯੋਗ ਵੱਲੋ ਜ਼ਮੀਨੀ ਪਾਣੀ ਨਿਖੇੜਨ ਲਈ ਸੀ.ਜੀ.ਡਬਲਯੂ.ਏ. ਤੋ ਪਹਿਲਾਂ ਹੀ ਆਗਿਆ ਲੈ ਲਈ ਗਈ ਹੈ ਅਤੇ ਇਸ ਵੱਲੋ ਨਿਖੇੜਨ ਲਈ ਜ਼ਮੀਨੀ ਪਾਣੀ |

| | | | |
|---|---|---|---|
| | | ਨਾਲ ਇਲਾਕੇ ਦੇ ਜ਼ਮੀਨੀ ਪਾਣੀ ਦਾ ਪੱਧਰ ਹੋਰ ਵੀ ਹੇਠਾਂ ਚਲਾ ਜਾਵੇਗਾ। | ਦੀ ਵਧੀਕ ਮਾਤਰਾ ਲਈ ਸੀ.ਜੀ.ਡਬਲਯੂ.ਏ. ਤੋਂ ਆਗਿਆ ਪ੍ਰਾਪਤ ਕੀਤੀ ਜਾਵੇਗੀ। ਉਕਤ ਅਥਾਰਿਟੀ ਵੱਲੋਂ ਆਗਿਆ ਸਾਰੇ ਪਹਿਲੂਆਂ ਤੇ ਜਿਸ ਵਿੱਚ ਹਾਈਡਰੋਲੋਜਿਕਲ ਪਹਿਲੂ ਵੀ ਸ਼ਾਮਲ ਹੈ, ਤੇ ਗੌਰ ਕਰਨ ਉਪਰੰਤ ਹੀ ਦਿੱਤੀ ਜਾਂਦੀ ਹੈ। |
| | | • ਮੌਜੂਦਾ ਡਿਸਟਿਲਰੀ ਯੂਨਿਟ ਦੇ ਕਾਰਣ ਇਲਾਕੇ ਵਿੱਚ ਪਹਿਲਾਂ ਹੀ ਗੰਧ ਸਮੱਸਿਆ ਹੈ। ਉਦਯੋਗ ਵੱਲੋਂ ਪੈਦਾ ਹੋ ਰਹੀ ਗੰਧ ਅਤੇ ਸ਼ੋਰ ਪ੍ਰਦੂਸ਼ਣ ਨਾਲ 4 ਕਿਲੋਮੀਟਰ ਤੱਕ ਇਲਾਕਾ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਕਾਰ, ਇਲਾਕੇ ਦੇ ਵਸਨੀਕ ਉਦਯੋਗ ਦੀ ਗੰਧ ਅਤੇ ਸ਼ੋਰ ਪ੍ਰਦੂਸ਼ਣ ਤੋਂ ਪ੍ਰਭਾਵਿਤ ਹੋ ਰਹੇ ਹਨ। | • ਗੰਧ, ਮੁੱਖ ਕਰਕੇ ਸੀਰਾ ਆਧਾਰਿਤ ਡਿਸਟਿਲਰੀ ਤੋਂ ਪੈਦਾ ਹੁੰਦੀ ਹੈ ਪਰੰਤੂ ਮੌਜੂਦਾ ਡਿਸਟਿਲਰੀ ਦਾ 50 ਪ੍ਰਤੀਸ਼ਤ ਸੀਰਿਆਂ ਤੇ ਆਧਾਰਿਤ ਪਰਿਚਾਲਿਤ ਹੋ ਰਿਹਾ ਹੈ ਅਤੇ ਬਾਕੀ ਦਾ ਕੱਚੇ ਮਾਲ ਵੱਜੋਂ ਅਨਾਜਾਂ ਦੀ ਵਰਤੋਂ ਦਵਾਰਾ ਪਰਿਚਾਲਤ ਹੈ। ਉਦਯੋਗ ਵੱਲੋਂ ਮੌਜੂਦਾ ਸੀਰਾ ਆਧਾਰਿਤ ਡਿਸਟਿਲਰੀ ਤੋਂ ਗੰਧ ਸਮੱਸਿਆ ਤੇ ਕਾਬੂ ਪਾਉਣ ਲਈ ਅਸਰਦਾਰ ਕਦਮ ਚੁੱਕੇ ਗਏ ਹਨ ਅਤੇ ਹੁਣ ਅਜਿਹੀ ਗੰਧ ਸਮੱਸਿਆ ਨਹੀਂ ਰਹੀ, ਜਿਵੇਂ ਕਿ ਹੁਣ ਜਨਤਕ ਸੁਣਵਾਈ ਉਦਯੋਗਿਕ ਪਲਾਂਟ ਦੇ ਬਾਹਰ ਚਲ ਰਹੀ ਹੈ ਅਤੇ ਪਲਾਂਟ ਇਸ ਸਮੇਂ ਆਪਣੀ ਪੂਰੀ ਸਮਰਥਾ ਤੇ ਚਲ ਰਿਹਾ ਹੈ। ਵਿਸਥਾਰ ਯੋਜਨਾ ਵਿੱਚ, ਕੇਵਲ ਅਨਾਜ ਆਧਾਰਿਤ ਡਿਸਟਿਲਰੀ ਹੀ ਸਥਾਪਿਤ ਕੀਤੀ ਜਾਵੇਗੀ ਜਿਸ ਨਾਲ ਕਿਸੇ ਗੰਧ ਆਦਿ ਵਿੱਚ ਵਾਧਾ ਨਹੀਂ ਹੋਵੇਗਾ। |
| | | • ਕੀ ਇਸ ਸਮੇਂ ਮੌਜੂਦਾ ਉਦਯੋਗਿਕ ਯੂਨਿਟ ਵਿੱਚ ਜ਼ੀਰੋ ਤਰਲ ਨਿਕਾਸ ਤਕਨਾਲੋਜੀ ਅਪਣਾਈ ਗਈ ਹੈ ਕਿ ਨਹੀਂ? | • ਇਸ ਸਮੇਂ, ਸ਼ਰਾਬ ਦਾ 165 ਕੇ.ਐਲ.ਡੀ. ਅਨਾਜਾਂ ਨੂੰ ਕੱਚੇ ਮਾਲ ਦੇ ਤੌਰ ਤੇ ਵਰਤੋਂ ਕਰ ਕੇ ਪੈਦਾ ਕੀਤਾ ਜਾ ਰਿਹਾ ਹੈ ਅਤੇ ਡਿਸਟਿਲਰੀ ਤੋਂ ਪੈਦਾ ਹੋਣ ਵਾਲੇ ਉਤਪ੍ਰਵਾਹ ਦਾ ਟਰੀਟਮੈਂਟ ਕੀਤਾ ਜਾ ਰਿਹਾ ਹੈ ਅਤੇ ਉਤਪ੍ਰਵਾਹ ਜ਼ੀਰੋ ਤਰਲ ਨਿਕਾਸੀ |

| | | | |
|---|---|---|---|
| | | | ਤਕਨਾਲੋਜੀ ਦੇ ਅਧਾਰਿਤ ਟਰੀਟਮੈਂਟ ਰਾਹੀਂ ਸੋਧਣ ਤੋਂ ਬਾਅਦ ਮੁੜ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਉਦਯੋਗ ਵੱਲੋਂ ਵਿਸਥਾਰ ਯੋਜਨਾ ਵਿੱਚ ਡਿਸਟਿਲਰੀ ਤੋਂ ਪੈਦਾ ਹੋਣ ਵਾਲੇ ਉਤਪ੍ਰਵਾਹ ਨੂੰ ਸੋਧਣ ਲਈ ਜ਼ੀਰੋ ਤਰਲ ਨਿਕਾਸੀ ਤਕਨਾਲੋਜੀ ਦੇ ਅਧਾਰਿਤ ਟਰੀਟਮੈਂਟ ਵੀ ਸਥਾਪਤ ਕੀਤੇ ਜਾਣ ਦੀ ਤਜ਼ਵੀਜ਼ ਹੈ। |
| | | • ਕੀ 52 ਹੈਕਟੇਅਰ ਦੀ ਮੌਜੂਦਾ ਜ਼ਮੀਨ, ਜਿਸ ਵਿੱਚ ਸੋਧੇ ਹੋਏ ਉਤਪ੍ਰਵਾਹ ਦੀ ਵਰਤੋਂ ਕਰਨ ਲਈ ਹਰੀ ਪੱਟੀ ਵਿਕਸਤ ਕੀਤੀ ਗਈ ਹੈ, ਵਿਸਥਾਰ ਯੋਜਨਾ ਤੋਂ ਪੈਦਾ ਹੋਣ ਵਾਲੇ ਉਤਪ੍ਰਵਾਹ ਦੇ ਸਮੁੱਚੇ ਹਾਈਡਰੋਲਿਕ ਲੋਡਿੰਗ ਨੂੰ ਲੈਣ ਲਈ ਕਾਫ਼ੀ ਹੋਵੇਗੀ। | • ਉਦਯੋਗ ਕੋਲ ਕਾਫ਼ੀ ਜ਼ਮੀਨ ਹੈ। |
| | | • ਉਦਯੋਗ ਵੱਲੋਂ ਬਾਇਲਰ ਰਾਖ ਨੂੰ ਉਚਿਤ ਢੰਗ ਵਿੱਚ ਨਹੀਂ ਨਿਪਟਾਇਆ ਜਾ ਰਿਹਾ ਜਿਸ ਨਾਲ ਇਲਾਕੇ ਵਿੱਚ ਉਪੱਦਰ ਪੈਦਾ ਹੁੰਦਾ ਹੈ। ਇਲਾਕੇ ਦੇ ਲੋਕ ਚਾਵਲ ਦੀ ਫੱਕ ਦੀ ਰਾਖ ਦੇ ਅਣਉਚਿਤ ਨਿਪਟਾਰੇ ਕਾਰਣ ਅਨੇਕਾਂ ਬਿਮਾਰੀਆਂ ਤੋਂ ਪੀੜ੍ਹਤ ਹੋ ਰਹੇ ਹਨ। | • ਉਦਯੋਗ ਦਵਾਰਾ ਬਾਇਲਰ ਰਾਖ ਨੂੰ ਉਚਿਤ ਢੰਗ ਨਾਲ ਨਿਪਟਾਇਆ ਜਾ ਰਿਹਾ ਹੈ। ਮੁੱਖ ਤੌਰ ਤੇ ਈਧਣ ਰਾਖ ਦੀ ਵਰਤੋਂ ਨੀਵੇਂ ਇਲਾਕਿਆਂ ਨੂੰ ਪੂਰਨ ਲਈ, ਕਿਸਾਨਾਂ ਨੂੰ ਆਪਣੇ ਜ਼ਗਇਤੀ ਖੇਤਾਂ ਦੀ ਹਾਲਤ ਸੁਧਾਰਣ ਲਈ ਅਤੇ ਭੱਠਾ ਮਾਲਕਾਂ ਨੂੰ ਇੱਟਾਂ ਦੇ ਨਿਰਮਾਣ ਲਈ ਕੀਤੀ ਜਾ ਰਹੀ ਹੈ। |
| | | • ਇਲਾਕੇ ਦੇ ਵਸਨੀਕ ਉਪਯੋਗ ਦਵਾਰਾ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਪੀੜ੍ਹਿਤ ਹਨ ਅਤੇ ਉਨ੍ਹਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਨਹੀਂ ਮਿਲ ਰਹੀ। ਉਦਯੋਗ ਵੱਲੋਂ ਪੈਦਾ ਹੋ ਰਹੀ ਬਿਜਲੀ ਅਤੇ ਉਦਯੋਗ ਦਵਾਰਾ ਪੈਦਾ ਹੋਣ ਵਾਲੀ ਵਧੀਕ ਬਿਜਲੀ ਸਪਲਾਈ ਇਲਾਕੇ ਦੇ ਵਸਨੀਕਾਂ ਨੂੰ ਰਿਆਇਤਪ ਦਰਾਂ ਤੇ ਦਿੱਤੀ ਜਾਵੇ ਅਤੇ | • ਰਾਜ ਸਰਕਾਰ ਦੀ ਨੀਤੀ ਦੇ ਅਨੁਸਾਰ, ਕੋਈ ਵੀ ਉਦਯੋਗ ਉਸ ਵੱਲੋਂ ਪੈਦਾ ਕੀਤੀ ਜਾਣ ਵਾਲੀ ਬਿਜਲੀ ਨੂੰ ਸਿਵਾਏ ਪੀ.ਐਸ.ਪੀ.ਸੀ.ਐਲ. ਦੇ ਹੋਰ ਕਿਧਰੇ ਨਹੀਂ ਵੇਚ ਸਕਦਾ ਅਤੇ ਪੀ.ਐਸ.ਪੀ.ਸੀ.ਐਲ. ਹੀ ਅਜਿਹੀ ਅਥਾਰਿਟੀ ਹੈ ਜਿਹੜੀ ਅੱਗੇ ਖ਼ਪਤਕਾਰਾਂ ਨੂੰ ਇਹ ਸਪਲਾਈ ਕਰਦੀ ਹੈ। |

| | | | |
|---|---|---|---|
| | | ਉਦਯੋਗ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਲਾਕੇ ਦੇ ਵਸਨੀਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇ। | |
| 2. | ਸ੍ਰੀ ਜਗਜੀਤ ਸਿੰਘ, ਪਿੰਡ ਛੜਬਰ, ਜ਼ਿਲ੍ਹਾ ਮੋਹਾਲੀ। | • ਜਨਤਕ ਸੁਣਵਾਈ ਕਰਾਉਣ ਸੰਬੰਧੀ ਕੋਈ ਉਚਿਤ ਵਿਗਿਆਪਨ ਨਹੀਂ ਸੀ ਦਿੱਤਾ ਗਿਆ। | • ਇਹ ਸੂਚਿਤ ਕੀਤਾ ਗਿਆ ਕਿ ਬੋਰਡ ਵੱਲੋਂ ਉਚਿਤ ਜਨ ਸੂਚਨਾ ਰੋਜ਼ਾਨਾ ਅਜੀਤ ਅਤੇ ਦੀ ਟ੍ਰਿਬਿਊਨ ਵਿੱਚ ਕ੍ਰਮਵਾਰ 8/7/2012 ਅਤੇ 7/7/12 ਨੂੰ ਪ੍ਰਕਾਸ਼ਿਤ ਕਰਵਾਈ ਗਈ ਸੀ।<br>ਇਸ ਤੋਂ ਇਲਾਵਾ, ਪੰਜਾਬੀ ਟ੍ਰਿਬਿਊਨ ਵਿੱਚ ਮਿਤੀ 6 ਅਤੇ 7 ਅਗਸਤ, 2012 ਨੂੰ ਜਨਤਕ ਸੁਣਵਾਈ ਸੰਬੰਧੀ ਪ੍ਰੈਸ ਕਲਿਪਿੰਗਾਂ ਵੀ ਆਈਆਂ ਸਨ। ਇਸ ਤੋਂ ਇਲਾਵਾ ਨੇੜੇ ਦੇ ਪਿੰਡਾਂ ਦੇ ਸਰਪਚਾਂ ਨੂੰ ਵੀ ਜਨਤਕ ਸੁਣਵਾਈ ਸੰਬੰਧੀ ਸੂਚਿਤ ਕੀਤਾ ਗਿਆ ਸੀ। |
| | | • ਉਦਯੋਗ ਦੀਆਂ ਗਤੀਵਿਧੀਆਂ ਦੇ ਕਾਰਨ ਇਲਾਕੇ ਵਿੱਚ ਮੱਖੀਆਂ ਦੀ ਭਰਮਾਰ ਹੋ ਗਈ ਹੈ ਜਿਹੜੀਆਂ ਲੋਕਾਂ ਦੀ ਪਰੇਸ਼ਾਨੀ ਦਾ ਵੱਡਾ ਸੋਮਾ ਹਨ। | • ਇਲਾਕੇ ਵਿੱਚ ਮੱਖੀਆਂ ਉਦਯੋਗ ਦੀਆਂ ਗਤੀਵਿਧੀਆਂ ਕਾਰਨ ਨਹੀਂ ਹੈ। |
| | | • ਉਦਯੋਗ ਦੇ ਭਾਰੀ ਭਾਰ ਵਾਲੇ ਵਾਹਨਾਂ ਦੀ ਆਵਾਜਾਈ ਦੇ ਨਾਲ ਉਦਯੋਗਿਕ ਪਲਾਂਟ ਵਾਲੀ ਪਹੁੰਚ ਸੜ੍ਹਕ ਬਹੁਤ ਬੂਰੀ ਹਾਲਤ ਵਿੱਚ ਹੈ ਜਿਸਦੇ ਕਾਰਨ ਇਲਾਕੇ ਦੇ ਯਾਤਰੀਆਂ ਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਵਿਸ਼ੇਸ਼ ਕਰਕੇ ਵਰਖਾ ਰੁੱਤ ਦੌਰਾਨ। ਸੜ੍ਹਕ ਦੀ ਬੁਰੀ ਹਾਲਤ ਦੇ ਕਾਰਨ ਇਲਾਕੇ ਦੇ ਵਸਨੀਕ ਕਿਸੇ ਜ਼ਰੂਰੀ ਕੰਮ ਲਈਂ ਘੱਟ ਸਮੇਂ ਦੇ ਵਿੱਚ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦੇ। | • ਐਮ.ਸੀ, ਬਨੂੰੜ ਵੱਲੋ ਪਹੁੰਚ ਸੜ੍ਹਕ ਦੇ ਨਾਲ-ਨਾਲ ਸੀਵਰ ਲਾਈਨ ਵਿਛਾਉਣ ਕਾਰਨ ਇਸ ਸੜ੍ਹਕ ਦੀ ਹਾਲਤ ਖ਼ਰਾਬ ਹੋਈ ਹੈ। ਉਦਯੋਗ ਨੇ ਸੰਬੰਧਿਤ ਵਿਭਾਗ ਕੋਲ ਇਸਨੂੰ ਮੁਰੰਮਤ ਕਰਾਉਣ ਲਈ ਰਾਬਤਾ ਕਾਇਮ ਕੀਤਾ ਹੋਇਆ ਹੈ ਅਤੇ ਸੰਬੰਧਿਤ ਅਥਾਰਿਟੀ ਵੱਲੋ ਅਨੁਮਾਨ ਦੀ ਮੰਨਜੂਰੀ ਕੀਤੀ ਜਾ ਚੁੱਕੀ ਹੈ। |

| | | | |
|---|---|---|---|
| | | • ਉਦਯੋਗਿਕ ਪਲਾਂਟ ਵਿੱਚ ਇਲਾਕੇ ਦਾ ਇੱਕ ਵੀ ਪੱਕਾ ਕਰਮਚਾਰੀ ਨਹੀਂ ਹੈ।<br>• ਉਦਯੋਗ ਵੱਲੋਂ ਕਾਫ਼ੀ ਜ਼ਮੀਨੀ ਪਾਣੀ ਦੇ ਨਿਖੇੜ੍ਹਨ ਕਾਰਨ ਇਲਾਕੇ ਦੇ 90 ਪ੍ਰਤੀਸ਼ਤ ਟਿਊਬਵੈਲ ਨੀਵੇ ਪਾਣੀ ਪੱਧਰ ਦੇ ਕਾਰਨ ਜ਼ਮੀਨੀ ਪਾਣੀ ਨੂੰ ਖਿੱਚਣ ਦੀ ਸਥਿਤੀ ਵਿੱਚ ਨਹੀ ਹਨ ।<br>• ਪਿੰਡਾਂ ਦੇ ਵਸਨੀਕ ਉਦਯੋਗ ਦੀ ਵਿਸਥਾਰ ਯੋਜਨਾ ਦੇ ਪੱਖ ਵਿੱਚ ਨਹੀ ਹਨ।<br>• ਨੇੜੇ ਦੇ ਪਿੰਡਾਂ ਦੇ ਉੱਘੇ ਵਿਅਕਤੀਆਂ ਦੀ ਇੱਕ ਕਮੇਟੀ ਬਣਾਏ ਜਾਣ ਦੀ ਲੋੜ ਹੈ ਜੋ ਕਿ ਪ੍ਰਦੂਸ਼ਣ ਦੇ ਨਿਯੰਤਰਣ ਲਈ ਉਦਯੋਗ ਦਵਾਰਾ ਕਾਇਮ ਕੀਤੇ ਗਏ ਕਦਮਾਂ ਦੀ ਜਾਂਚ ਕਰੇ। | • ਉਦਯੋਗ ਵੱਲੋਂ ਪੱਕਾ ਰੋਜ਼ਗਾਰ ਕੇਵਲ ਨਿਯਮਾਂ ਅਤੇ ਵਿਨਿਯਮਾਂ ਦੇ ਅਨੁਸਾਰ ਪ੍ਰਦਾਨ ਕੀਤਾ ਜਾਂਦਾ ਹੈ।<br>• ਉਦਯੋਗ ਦਵਾਰਾ ਜ਼ਮੀਨੀ ਪਾਣੀ ਸੰਬੰਧਿਤ ਅਥਾਰਿਟੀ ਦੀ ਆਗਿਆ ਦੇ ਨਾਲ ਨਿਖੇੜ੍ਹਿਆ ਜਾ ਰਿਹਾ ਹੈ।<br>• ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਨਹੀਂ ਸੀ ਦਿੱਤਾ ਗਿਆ।<br>• ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਨਹੀਂ ਸੀ ਦਿੱਤਾ ਗਿਆ। |
| 3. | ਸ਼੍ਰੀ ਜਸਮੇਰ ਸਿੰਘ, ਪਿੰਡ ਹੰਸਾਲਾ, ਸਾਬਕਾ ਪ੍ਰਧਾਨ, ਪੀ.ਆਰ.ਟੀ.ਸੀ. ਐਸ.ਏ.ਐਸ. ਨਗਰ। | • ਜਨਤਕ ਸੁਣਵਾਈ ਕਰਾਉਣ ਸੰਬੰਧੀ ਕੋਈ ਉਚਿਤ ਵਿਗਿਆਪਨ ਨਹੀਂ ਸੀ ਦਿੱਤਾ ਗਿਆ।<br>• ਉਦਯੋਗ ਨੂੰ ਕੋਈ ਕਰਮਚਾਰੀ ਠੇਕੇ ਤੇ ਰੱਖਣ ਲਈ ਅਧਿਕਾਰ ਨਹੀਂ ਅਤੇ ਨਾ ਹੀ ਆਪਣੀਆਂ ਨਿਯਮਿਤ ਗਤੀਵਿਧੀਆਂ ਲਈ ਸਰੋਤ ਦੇ ਬਾਹਰੋਂ ਹੀ ਰੱਖ ਸਕਦਾ ਹੈ।<br>• ਈ.ਪੀ.ਐਫ. ਕਟੌਤੀ ਅਤੇ ਕਾਮਿਆਂ ਦਾ ਡਾਕਟਰੀ ਜਾਂਚ ਰਿਕਾਰਡ ਦਿਖਾਉਣ ਲਈ ਬੇਨਤੀ ਕੀਤੀ ਗਈ ਹੈ।<br>• ਉਨ੍ਹਾਂ ਦੇ ਪਿੰਡਾਂ ਦੇ ਵਸਨੀਕ ਉਦਯੋਗ ਦੀ ਵਿਸਥਾਰ ਯੋਜਨਾ ਦੇ ਪੱਖ ਵਿੱਚ ਨਹੀਂ ਹਨ। | • ਇਸ ਦਾ ਜੁਆਬ ਉਪਰ ਦਿੱਤਾ ਜਾ ਚੁੱਕਾ ਹੈ ।<br>• ਠੇਕੇ ਦਾ ਰੋਜ਼ਗਾਰ ਅਤੇ ਆਊਟ ਸੋਰਸਿੰਗ ਰੋਜਗਾਰ ਕੇਵਲ ਆਰਜੀ ਕੰਮਾਂ ਲਈ ਹੀ ਦਿੱਤਾ ਜਾਂਦਾ ਹੈ ਜੋ ਕਿ ਨਿਯਮਾਂ ਅਤੇ ਵਿਨਿਯਮਾਂ ਦੇ ਅਧੀਨ ਆਗਿਆਯੋਗ ਹਨ ।<br>• ਉਦਯੋਗ ਦੇ ਉਪ ਪ੍ਰਧਾਨ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਕਿਸੇ ਸਮੇਂ ਵੀ ਰਿਕਾਰਡ ਦੀ ਜਾਂਚ ਕਰ ਸਕਦੇ ਹਨ।<br>• ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਨਹੀਂ ਸੀ ਦਿੱਤਾ ਗਿਆ। |

| | | | |
|---|---|---|---|
| 4. | ਸ੍ਰੀ ਗੁਰਮੀਤ ਸਿੰਘ ਪ੍ਰਧਾਨ ਸਪੋਰਟਸ ਕਲੱਬ, ਪਿੰਡ ਨਡਿਆਲੀ, ਜਿਲ੍ਹਾ ਐਸ.ਏ.ਐਸ. ਨਗਰ। | • ਨੇੜੇ ਦੇ ਇਲਾਕੇ ਵਿੱਚ ਵੱਸ ਰਹੇ ਲੋਕ ਈਧੰਣ ਰਾਖ ਦੇ ਗੈਰ-ਵਿਗਿਆਨਕ ਨਿਪਟਾਰੇ ਦੇ ਵਿਰੁੱਧ ਕੁਝ ਨਹੀ ਂਬੋਲਦੇ ਕਿਉ ਂਜੋ ਨੇੜੇ ਦੇ ਪਿੰਡਾਂ ਦੇ ਸਰਪੰਚਾਂ ਨੂੰ ਸ਼ਰਾਬ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ।<br>• ਉਦਯੋਗ ਵਿੱਚ ਇੱਕ ਵਾਰ ਅੱਗ ਲੱਗ ਚੁੱਕੀ ਹੈ ਅਤੇ ਸਥਿਤੀ ਨਾਲ ਨਿਪਟਣ ਲਈ ਕੋਈ ਉਚਿਤ ਪ੍ਰਬੰਧ ਨਹੀ ਂਹਨ।<br>• ਉਦਯੋਗਿਕ ਪਲਾਂਟ ਵਿੱਚ ਇਲਾਕੇ ਦਾ ਕੋਈ ਵੀ ਪੱਕਾ ਕਰਮਚਾਰੀ ਨਹੀ ਂਹੈ।<br>• ਉਦਯੋਗਿਕ ਪਲਾਂਟ ਨੂੰ ਜਾਂਦੀ ਪਹੁੰਚ ਸੜ੍ਹਕ ਬਹੁਤ ਬੁਰੀ ਦਸ਼ਾ ਵਿੱਚ ਹੈ ਜਿਸ ਕਾਰਨ ਰੋਜ਼ਾਨਾ ਵਾਲੇ ਯਾਤਰੀਆਂ ਨੂੰ ਇਸ ਸੜ੍ਹਕ ਤੋ ਲੰਘਣਾ ਮੁਸ਼ਕਲ ਹੋ ਜਾਂਦਾ ਹੈ, ਵਿਸ਼ੇਸ਼ ਕਰਕੇ ਵਰਖਾ ਰੁੱਤ ਦੇ ਦੌਰਾਨ। | • ਸ਼ਿਕਾਇਤ ਤੱਥਾਂ ਤੇ ਆਧਾਰਿਤ ਨਹੀ ਕਿਉਂਕਿ ਸ਼ਰਾਬ ਆਬਕਾਰੀ ਵਿਭਾਗ ਰਾਹੀ ਂਵੇਚੀ ਜਾਂਦੀ ਹੈ। ਇਸ ਲਈ ਸਨੱਅਤ ਸਰਾਬ ਮੁੱਫਤ ਕਿਸੇ ਨੂੰ ਨਹੀਂ ਦੇ ਸਕਦੀ ।<br>• ਉਦਯੋਗ ਕੋਲ ਅੱਗ ਤੇ ਕਾਬੂ ਪਾਉਣ ਲਈ ਉਚਿਤ ਪ੍ਰਬੰਧ ਹਨ। ਜਦੋ ਂਉਦਯੋਗਿਕ ਪਲਾਂਟ ਵਿੱਚ ਘਟਨਾ ਵਾਪਰੀ ਸੀ, ਇਸ ਤੇ ਬਹੁਤ ਥੋੜ੍ਹੇ ਸਮੇ ਤੇ ਹੀ ਕਾਬੂ ਪਾ ਲਿਆ ਗਿਆ ਸੀ।<br>• ਉਦਯੋਗ ਵੱਲੋ ਪੱਕਾ ਰੋਜ਼ਗਾਰ ਨਿਯਮਾਂ ਅਤੇ ਵਿਨਿਯਮਾਂ ਦੇ ਅਨੁਸਾਰ ਪ੍ਰਦਾਨ ਕੀਤਾ ਜਾਂਦਾ ਹੈ।<br>• ਜਵਾਬ ਜਿਵੇ ਂਉਪਰੋਕਤ ਦਿੱਤਾ ਜਾ ਚੁੱਕਾ ਹੈ। |
| 5. | ਸ੍ਰੀ ਅਮਰਦੀਪ ਸਿੰਘ, ਪਿੰਡ ਲੋਹਾ ਖੇੜੀ, ਜਿਲ੍ਹਾ ਪਟਿਆਲਾ। | • ਉਦਯੋਗਿਕ ਪਲਾਂਟ ਨੂੰ ਜਾਂਦੀ ਪਹੁੰਚ ਸੜਕ ਬਹੁਤ ਬੁਰੀ ਦਸ਼ਾ ਵਿੱਚ ਹੈ ਜਿਸਦੇ ਕਾਰਣ ਰੋਜ਼ਾਨਾ ਵਾਲੇ ਯਾਤਰੀਆਂ ਨੂੰ ਇਸ ਸੜਕ ਤੋ ਲੰਘਣਾ ਮੁਸ਼ਕਲ ਹੋ ਜਾਂਦਾ ਹੈ।<br>• ਇਸ ਵਰਤਮਾਨ ਡਿਸਟਿਲਰੀ ਪਲਾਂਟ ਦੇ ਕਾਰਣ ਇਲਾਕੇ ਵਿੱਚ ਪਹਿਲਾਂ ਹੀ ਗੰਧ ਅਤੇ ਸ਼ੋਰ ਪ੍ਰਦੂਸ਼ਣ ਦੀ ਸਮੱਸਿਆ ਹੈ।<br>• ਜਦੋ ਂਭਾਫ਼ ਛੱਡੀ ਜਾਂਦੀ ਹੈ ਅਤੇ ਸੂਟ ਬਲੋਇੰਗ ਕੀਤੀ ਜਾਂਦੀ ਹੈ ਤਾਂ ਬਾਇਲਰ ਸੈਕਸ਼ਨ ਤੋ ਂਬਹੁਤ ਜ਼ਿਆਦਾ ਸ਼ੋਰ ਪ੍ਰਦੂਸ਼ਣ ਪੈਦਾ ਹੁੰਦਾ ਹੈ।<br>• ਉਦਯੋਗਿਕ ਇਕਾਈ | • ਜਵਾਬ ਜਿਵੇ ਂਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਜਵਾਬ ਜਿਵੇ ਂਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਜਵਾਬ ਜਿਵੇ ਂਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਉਦਯੋਗ ਦੇ ਪ੍ਰਤਿਨਿਧਾਂ ਵੱਲੋ ਂਸੂਚਿਤ ਕੀਤਾ ਗਿਆ ਸੀ |

| | | | |
|---|---|---|---|
| | | ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾਵੇ ਅਤੇ ਇਲਾਕੇ ਦੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇ।<br><br>• ਅਨੇਕਾਂ ਸ਼ਰਾਬ ਦੇ ਯੂਨਿਟਾਂ ਕਾਰਣ ਪੰਜਾਬ ਰਾਜ ਵਿੱਚ ਨਸਿਆਂ ਦਾ 6ਵਾਂ ਦਰਿਆ ਵਹਿ ਰਿਹਾ ਹੈ। ਇਸ ਉਦਯੋਗ ਦੇ ਕਾਮੇ ਆਮ ਤੌਰ ਤੇ ਸ਼ਾਮ ਨੂੰ ਸ਼ਰਾਬੀ ਹਾਲਤ ਵਿੱਚ ਦੇਖੇ ਜਾਂਦੇ ਹਨ। | ਕਿ ਮੌਜੂਦਾ ਉਦਯੋਗਿਕ ਪਲਾਂਟ ਚੋ ਪ੍ਰਦੂਸ਼ਣ ਤੇ ਕਾਬੂ ਪਾਉਣ ਲਈ ਅਸਰਦਾਰ ਕਦਮ ਚੁੱਕੇ ਗਏ ਹਨ ਅਤੇ ਉਦਯੋਗ ਵੱਲੋ ਭਰੋਸਾ ਦਿੱਤਾ ਗਿਆ ਸੀ ਕਿ ਇਹ ਉਦਯੋਗਿਕ ਪਲਾਂਟ ਚੋ ਪ੍ਰਦੂਸ਼ਣ ਤੇ ਕਾਬੂ ਪਾਉਣ ਲਈ ਆਧੁਨਿਕ ਤਕਨਾਲੋਜੀਆਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ ਅਤੇ ਨੇੜੇ ਦੇ ਇਲਾਕੇ ਦੇ ਵਸਨੀਕਾਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਜਾਵੇਗਾ।<br><br>• ਉਦਯੋਗ ਦੇ ਪ੍ਰਬੰਧਕਾਂ ਵੱਲੋ ਕੋਈ ਸ਼ਰਾਬ ਵੇਚੀ ਨਹੀ ਜਾਂਦੀ ਕਿਉ ਜੋ ਇਹ ਆਬਕਾਰੀ ਵਿਭਾਗ ਰਾਹੀ ਵੇਚੀ ਜਾਂਦੀ ਹੈ। |
| 6. | ਕਾਮਰੇਡ ਸੱਤਪਾਲ, ਪਿੰਡ ਰਾਜੋਮਾਜਰਾ, ਐਸ.ਏ.ਐਸ. ਨਗਰ। | • ਉਦਯੋਗ ਦੇ ਮਾਲ ਲੱਦੇ ਭਾਰੀ ਵਾਹਨਾਂ ਦੀ ਆਵਾਜ਼ਾਈ ਦੇ ਨਾਲ ਨੇੜੇ ਦੇ ਪਿੰਡਾਂ ਦੀਆਂ ਸੜਕਾਂ ਦੀ ਦਸ਼ਾ ਬਹੁਤ ਖ਼ਰਾਬ ਹੋ ਗਈ ਹੈ।<br><br>• ਉਦਯੋਗ ਕਰੋੜਾਂ ਰੁਪਏ ਕਮਾ ਰਿਹਾ ਹੈ ਫਿਰ ਵੀ ਇਸ ਵੱਲੋ ਇਲਾਕੇ ਵਿੱਚ ਕੋਈ ਵਿਕਾਸ ਕਾਰਜ ਨਹੀ ਕੀਤਾ ਗਿਆ।<br><br>• ਰਾਖ ਸਮੱਸਿਆ ਇੰਨੀ ਜ਼ਿਆਦਾ ਹੈ ਕਿ ਇਹ ਫਸਲਾਂ ਦੇ ਪਤਿਆਂ ਤੇ ਜੰਮ ਜਾਂਦੀ ਹੈ, ਜਿਸ ਨਾਲ ਫਸਲਾਂ ਦਾ ਝਾੜ ਘਟ ਜਾਂਦਾ ਹੈ।<br><br>• ਕਾਮਿਆਂ ਨੂੰ ਪ੍ਰਤਿ ਦਿਨ ਦੇਵਲ 150 ਰੁਪਏ | • ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ।<br><br>• ਉਦਯੋਗ ਦੇ ਪ੍ਰਤਿਨਿਯ ਵੱਲੋ ਸੂਚਿਤ ਕੀਤਾ ਗਿਆ ਹੈ ਕਿ ਪ੍ਰਬੰਧਕਾਂ ਵੱਲੋ ਨਿਗਸੀ ਸਮਾਜਕ ਜ਼ਿੰਮੇਵਾਰ ਪ੍ਰੋਗਰਾਮ ਦੇ ਅਧੀਨ ਸਮਾਜਕ ਗਤੀਵਿਧੀਆਂ ਲਈ ਚੋਖੀ ਰਕਮ ਖ਼ਰਚੀ ਜਾ ਰਹੀ ਹੈ।<br><br>• ਉਦਯੋਗ ਦੇ ਪ੍ਰਤਿਨਿਧ ਵੱਲੋ ਸੂਚਿਤ ਕੀਤਾ ਗਿਆ ਕਿ ਬੋਰਡ ਵੱਲੋ ਨਿਰਧਾਰਿਤ ਮਾਪਦੰਡਾਂ ਦੀ ਪੂਰਤੀ ਲਈ ਬਾਇਲਰ ਤੇ ਆਧੁਨਿਕ ਤਕਨਾਲੋਜੀ ਵਾਲੇ ਪ੍ਰਦੂਸ਼ਣ ਨਿਯੰਤਰਣ ਯੰਤਰ ਸਥਾਪਿਤ ਕੀਤੇ ਗਏ ਹਨ।<br><br>• ਕਾਮਿਆ ਨੂੰ ਉਜਰਤਾਂ ਰਾਜ ਸਰਕਾਰ ਦੇ ਨਿਯਮਾਂ ਅਤੇ |

| | | | |
|---|---|---|---|
| | | ਉਜਰਤਾਂ ਵੱਜੋਂ ਅਦਾ ਕੀਤੇ ਜਾਂਦੇ ਹਨ ਪਰੰਤੂ ਰਾਜ ਸਰਕਾਰ ਵੱਲੋਂ ਨਿਰਧਾਰਿਤ ਸੇਧਾਂ ਦੇ ਅਨੁਸਾਰ ਇੱਕ ਕਾਮੇ ਨੂੰ ਪ੍ਰਤਿ ਦਿਨ ਘੱਟੋ-ਘੱਟ 166 ਰੁਪਏ ਪ੍ਰਤਿ ਦਿਨ ਉਜਰਤ ਦੇਣੀ ਹੁੰਦੀ ਹੈ।<br>• ਉਦਯੋਗ ਵੱਲੋਂ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਵਿੱਚ ਸੁਧਾਰ ਲਿਆਉਣ ਲਈ ਅਸਰਦਾਰ ਕਦਮ ਚੁੱਕਣੇ ਚਾਹੀਦੇ ਹਨ।<br>• ਕੁਝ ਦਿਨ ਪਹਿਲਾਂ ਜਦੋਂ ਮੋਹਨ ਸਿੰਘ ਆਪਣੀ ਪਤਨੀ ਦੇ ਨਾਲ ਆਪਣੀ ਮੱਝ ਨੂੰ ਨਲਕੇ ਤੋਂ ਪਾਣੀ ਪਿਲਾ ਰਹੇ ਸਨ ਤਾਂ ਉਦਯੋਗ ਦੇ ਬਾਇਲਰ ਚੋਂ ਨਿਕਲੇ ਸ਼ੋਰ ਪ੍ਰਦੂਸ਼ਣ ਦੇ ਕਾਰਣ ਮੱਝ ਡਰ ਗਈ ਅਤੇ ਮੱਝ ਤੇ ਅਚਾਨਕ ਪਏ ਪ੍ਰਭਾਵ ਨਾਲ ਮੋਹਨ ਸਿੰਘ ਦੀ ਪਤਨੀ ਦੀ ਬਾਂਹ ਟੁੱਟ ਗਈ ਅਤੇ ਨਲਕਾ ਵੀ ਟੁੱਟ ਗਿਆ। | ਵਿਨਿਯਮਾਂ ਅਨੁਸਾਰ ਅਦਾ ਕੀਤੀਆਂ ਜਾਂਦੀਆਂ ਹਨ।<br>• ਉਦਯੋਗ ਵੱਲੋਂ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਵਿੱਚ ਸੁਧਾਰ ਲਿਆਉਣ ਲਈ ਪਹਿਲਾਂ ਹੀ ਅਸਰਦਾਰ ਕਦਮ ਚੁੱਕੇ ਗਏ ਹਨ ਅਤੇ ਇਹ ਉਦਯੋਗਿਕ ਪਲਾਂਟ ਅਤੇ ਇਸਦੇ ਆਲੇ ਦੁਆਲੇ ਤੋਂ ਪ੍ਰਦੂਸ਼ਣ ਤੇ ਕਾਬੂ ਪਾਉਣ ਲਈ ਆਪਣੇ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ।<br>• ਉਦਯੋਗਿਕ ਪਲਾਂਟ ਤੋਂ ਪੈਦਾ ਹੋਣ ਵਾਲਾ ਸ਼ੋਰ ਪ੍ਰਦੂਸ਼ਣ ਬੋਰਡ ਵੱਲੋਂ ਤੈਅ ਮਾਪਦੰਡਾਂ ਦੇ ਅਨੁਸਾਰ ਹੈ ਇਸ ਲਈ ਸ੍ਰੀ ਰਾਜੋਮਾਜਰਾ ਵੱਲੋਂ ਬਿਆਨੀ ਗਈ ਘਟਨਾ ਕਿਸੇ ਹੋਰ ਕਾਰਨ ਕਰਕੇ ਹੋ ਸਕਦੀ ਹੈ। |
| 7. | ਸ੍ਰੀ ਹਰਬੰਸ ਲਾਲ ਉੱਤਮ, ਐਮ.ਸੀ., ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | • ਨੇੜੇ ਦੇ ਪਿੰਡਾਂ ਦੀਆਂ ਸੜਕਾਂ ਉਦਯੋਗ ਦੇ ਭਾਰੀ ਮਾਲ ਲੱਦੇ ਵਾਹਨਾਂ ਦੀ ਆਵਾਜਾਈ ਕਾਰਨ ਬਹੁਤ ਬੁਰੀ ਦਸ਼ਾ ਵਿੱਚ ਹਨ।<br>• ਉਦਯੋਗ ਕਰੋੜਾਂ ਰੁਪਏ ਕਮਾ ਰਿਹਾ ਹੈ, ਫਿਰ ਵੀ ਇਸ ਵੱਲੋਂ ਇਲਾਕੇ ਦੇ ਵਿਕਾਸ ਲਈ ਕੋਈ ਕੰਮ ਨਹੀਂ ਕੀਤੇ ਜਾ ਰਹੇ।<br>• ਉਦਸੋਗ ਵੱਲੋਂ ਨੇੜੇ ਦੇ ਇਲਾਕੇ ਦੇ ਵਸਨੀਕਾਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।<br>• ਉਦਯੋਗ ਵੱਲੋਂ ਸਾਡੀਆਂ ਸਮੱਸਿਆਵਾਂ ਨੂੰ | • ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |

| | | | |
|---|---|---|---|
| | | ਪਹਿਲ ਦੇ ਆਧਾਰ ਤੇ ਦੂਰ ਕੀਤਾ ਜਾਣਾ ਚਾਹੀਦਾ ਹੈ। | |
| 8. | ਸ੍ਰੀ ਅਵਤਾਰ ਸਿੰਘ ਬਬਲਾ, ਬਲਾਕ ਕਾਂਗਰਸ ਪ੍ਰਧਾਨ, ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | ਉਦਯੋਗ ਵੱਲੋਂ ਸਥਾਨਕ ਲੋਕਾਂ ਨੂੰ ਰੋਜ਼ਗਾਰ ਨਹੀ ਂ ਦਿੱਤਾ ਗਿਆ ਅਤੇ ਨਾ ਹੀ ਇਲਾਕੇ ਵਿੱਚ ਕੋਈ ਰੁੱਖ ਹੀ ਲਗਾਏ ਗਏ ਹਨ। | ਸਥਾਨਕ ਲੋਕਾਂ ਨੂੰ ਰੋਜ਼ਗਾਰ ਉਨ੍ਹਾਂ ਦੀ ਯੋਗਤਾ ਅਤੇ ਉਦਯੋਗ ਦੀ ਲੋੜ੍ਹ ਦੇ ਅਨੁਸਾਰ ਦਿੱਤਾ ਗਿਆ ਹੈ। ਇਲਾਕੇ ਵਿੱਚ ਪੋਦੇ ਲਗਾਉਣ ਦਾ ਕੰਮ ਇਸ ਮੌਨਸੂਨ ਰੁੱਤ ਵਿੱਚ ਕੀਤਾ ਜਾਵੇਗਾ। |
| 9. | ਸ੍ਰੀ ਬਲਵੰਤ ਸਿੰਘ, ਪਿੰਡ ਨਡਿਆਲੀ, ਪ੍ਰਧਾਨ, ਬੀ.ਕੇ.ਯੂ., ਜਿਲ੍ਹਾ ਮੋਹਾਲੀ। | ਰਾਜ, ਉਦਯੋਗਿਕ ਇਕਾਇਆਂ ਦੀ ਸਥਾਪਨਾ ਨਾਲ ਹੀ ਪ੍ਰਫੁਲਤ ਹੋ ਸਕਦਾ ਹੈ, ਇਸ ਲਈ ਅਜਿਹੀ ਕਿਸਮ ਦੀਆਂ ਇਕਾਈਆਂ ਰਾਜ ਵਿੱਚ ਸਥਾਪਤ ਹੋਣੀਆਂ ਚਾਹੀਦੀਆਂ ਹਨ ਜਿਸ ਤੋ ਂ ਆਮਦਨ ਅਤੇ ਰੋਜ਼ਗਾਰ ਵਿੱਚ ਵਾਧਾ ਹੋਵੇ। ਪਰੰਤੂ ਇਨ੍ਹਾਂ ਉਦਯੋਗਾਂ ਨੂੰ ਉਚਿਤ ਅਤੇ ਅਸਰਦਾਰ ਪ੍ਰਦੂਸ਼ਣ ਨਿਯੰਤਰ ਯੰਤਰ ਲਗਾਉਣੇ ਚਾਹੀਦੇ ਹਨ। | ਉਦਯੋਗ ਦੇ ਪ੍ਰਤੀਨਿਧ ਨੇ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਵੱਲੋ ਂ ਵਾਤਾਵਰਨਕ ਮਾਪਦੰਡਾ ਦੀ ਪਾਲਣਾ ਕੀਤੀ ਜਾਵੇਗੀ। |
| 10. | ਕਾਮਰੇਡ ਪ੍ਰੇਮ ਸਿੰਘ ਪਿੰਡ ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | ਜੇਕਰ ਉਦਯੋਗ ਦਵਾਰਾ ਲੋਕਾਂ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਂਦੀਆਂ ਹਨ ਫਿਰ ਇਸਨੂੰ ਆਪਣਾ ਉਦਯੋਗਕ ਪਲਾਂਟ ਵਿਸਥਾਰ ਕੀਤੇ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਭਾਵੇ ਂ ਕਿ ਪਹਿਲਾਂ ਉਦਯੋਗ ਦਵਾਰਾ ਨੇੜੇ ਦੇ ਵਸਨੀਕਾਂ ਲਈ ਸਮੱਸਿਆਵਾਂ ਪੈਦਾ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਸ ਸਮੇ ਉਦਯੋਗ ਵੱਲੋ ਂ ਆਧੁਨਿਕ ਤਕਨਾਲੋਜੀ ਅਪਣਾਉਣ ਨਾਲ ਪ੍ਰਦੂਸ਼ਣ ਵਰਗੀ ਕੋਈ ਸਮੱਸਿਆ ਨਹੀ ਂ ਰਹੀ। | ਕੋਈ ਜਵਾਬ ਦਿੱਤੇ ਜਾਣ ਦੀ ਲੋੜ ਨਹੀਂ। |
| 11. | ਕਾਮਰੇਡ ਇੰਦਰਜੀਤ ਸਿੰਘ ਗਰੇਵਾਲ, ਬਨੂੰੜ, ਜ਼ਿਲ੍ਹਾ ਐਸ.ਏ.ਐਸ. ਨਗਰ। | • ਜਨਤਕ ਸੁਣਵਾਈ ਸੰਬੰਧੀ ਕੋਈ ਉਚਿਤ ਵਿਗਿਆਪਨ ਨਹੀ ਂ ਸੀ ਦਿੱਤਾ ਗਿਆ।<br>• ਰਾਜ ਪ੍ਰਦੂਸ਼ਣ ਨਿਯੰਤਰਣ ਬੋਰਡ ਵੱਲੋ ਸੀ.ਪੀ.ਸੀ.ਬੀ. ਦੇ ਨਿਯਮ | • ਜਵਾਬ ਜਿਵੇ ਂ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਇਹ ਸੂਚਿਤ ਕੀਤਾ ਗਿਆ ਸੀ ਕਿ ਇਲਾਕੇ ਦੇ ਲੋਕਾਂ ਨੂੰ ਕਾਨੂੰਨੀ ਲੋੜ ਅਤੇ ਇਹਨਾਂ ਦੀ ਪਾਲਣਾ ਲਈ |

| | | | |
|---|---|---|---|
| | | ਅਪਣਾਏ ਜਾਣੇ ਚਾਹੀਦੇ ਹਨ ਅਤੇ ਸਥਾਨਕ ਲੋਕਾਂ ਨੂੰ ਇਨ੍ਹਾਂ ਨਿਯਮਾਂ ਤੋ ਜਾਣੂ ਕਰਾਉਣਾ ਚਾਹੀਦਾ ਹੈ।<br><br>• ਈਧਣ ਰਾਖ ਅੰਧਾ-ਧੁੰਦ ਤਰੀਕੇ ਨਾਲ ਸੁੱਟੀ ਜਾਂਦੀ ਹੈ ।<br>• ਮੈ ਇਸ ਨਾਲ ਸਹਿਮਤ ਨਹੀ ਕਿ ਉਦਯੋਗ ਵੱਲੋ ਬੜੀ ਵਧੀਆ ਤਕਨੀਕ ਦਾ ਬਾਇਲਰ ਸਥਾਪਤ ਕੀਤਾ ਗਿਆ ਹੈ ਜਿਸ ਨਾਲ ਕੋਈ ਪ੍ਰਦੂਸ਼ਣ ਪੈਦਾ ਨਹੀ ਹੁੰਦਾ।<br>• ਦਿਹਾੜੀਦਾਰਾਂ/ਠੇਕੇ ਦੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਣਾ ਚਾਹੀਦਾ ਹੈ।<br>• ਸ਼ੋਰ ਪ੍ਰਦੂਸ਼ਣ ਤੇ ਕਾਬੂ ਪਾਉਣ ਲਈ ਉਚਿਤ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਗੈਰ-ਇਛੁੱਕ ਘਟਨਾ ਨਾ ਘਟੇ। | ਵਿਸਤ੍ਰਿਤ ਪ੍ਰਚਾਰ ਕੀਤਾ ਜਾਵੇਗਾ ।<br><br>• ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ।<br><br>• ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋ ਕੋਈ ਜਵਾਬ ਨਹੀ ਸੀ ਦਿੱਤਾ ਗਿਆ।<br><br>• ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ।<br><br>• ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ। |
| 12. | ਸ੍ਰੀ ਸਾਧੂ ਸਿੰਘ ਖਿਲੋੜ, ਪ੍ਰਧਾਨ ਟਰੱਕ ਯੂਨੀਅਨ, ਬਨੂੰੜ। | • ਇਲਾਕੇ ਵਿੱਚ ਸੀਵਰ ਵਿਛਾਉਣ ਕਾਰਨ ਸੜ੍ਹਕਾਂ ਬੜੀ ਭੈੜੀ ਦਸ਼ਾ ਵਿੱਚ ਹਨ।<br>• ਪਹਿਲਾਂ ਇੱਥੇ ਗੰਧ ਸਮੱਸਿਆ ਸੀ, ਜਿਸਨੇ ਹੁਣ ਉਦਯੋਗ ਵੱਲੋ ਆਧੁਨਿਕ ਤਕਨਾਲੋਜੀ ਮਸ਼ੀਨਰੀ ਪ੍ਰਦਾਨ ਕਰਕੇ ਕਾਬੂ ਪਾ ਲਿਆ ਗਿਆ ਹੈ।<br>• ਉਦਯੋਗ ਵੱਲੋ ਇਲਾਕੇ ਦੇ ਵਸਨੀਕਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ ਅਤੇ ਇਸ ਵੱਲੋ ਵਿਸਥਾਰ ਯੋਜਨਾ ਲਾਗੂ ਕਰਦੇ ਸਮੇ ਵੀ ਇਲਾਕੇ ਦੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇ।<br>• ਜੇਕਰ ਉਦਯੋਗ ਸ਼ਰਾਬ ਦੇ ਉਤਪਾਦਨ ਲਈ ਆਧੁਨਿਕ ਤਕਨਾਲੋਜੀ ਅਪਣਾਉਂਦਾ ਹੈ ਤਾਂ ਉਨ੍ਹਾਂ ਨੂੰ ਇਸ ਦੀ ਵਿਸਥਾਰ ਯੋਜਨਾ ਲਈ ਕੋਈ ਇਤਰਾਜ਼ ਨਹੀ ਹੋਵੇਗਾ। | ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ। |

| | | | |
|---|---|---|---|
| 13. | ਸ੍ਰੀ ਕੁਲਦੀਪ ਸਿੰਘ ਸੰਧੂ, ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | • ਉਦਯੋਗ ਕਾਰਨ ਇਲਾਕੇ ਵਿੱਚ ਆਵਾਜਾਈ ਘਣਤਾ ਵਧੇਰੇ ਹੈ।<br>• ਉਦਯੋਗ ਵਿੱਚੋ ਨਿਕਲਣ ਵਾਲੀ ਸਮੱਗਰੀ (ਰਾਖ) ਫਸਲਾਂ ਦੇ ਪੱਤਿਆਂ ਤੇ ਜੰਮ ਜਾਂਦੀ ਹੈ ਜਿਸ ਨਾਲ ਪ੍ਰਕਾਸ਼ ਸੰਸਲੇਸ਼ਣ ਰੁਕ ਜਾਂਦਾ ਹੈ, ਇਸ ਪ੍ਰਕਾਰ ਫਸਲ ਦਾ ਝਾੜ ਪ੍ਰਭਾਵਿਤ ਹੁੰਦਾ ਹੈ।<br>• ਉਦਯੋਗਿਕ ਪਲਾਂਟ ਨੂੰ ਜਾਂਦੀ ਪਹੁੰਚ ਸੜ੍ਹਕ ਦੀ ਮੁਰੰਮਤ ਉਦਯੋਗ ਦੇ ਪ੍ਰਬੰਧਕਾਂ ਵੱਲੋ ਂ ਕੀਤੀ ਜਾਣੀ ਚਾਹੀਦੀ ਹੈ। | ਜਵਾਬ ਜਿਵੇ ਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |
| 14. | ਸ੍ਰੀ ਕਰਮਜੀਤ ਸਿੰਘ ਚਿੱਲਾ, ਪ੍ਰੈਸ ਪੱਤਰਕਾਰ, ਪੰਜਾਬੀ ਟ੍ਰਿਬਿਊਨ। | ਇਲਾਕੇ ਦੇ ਜ਼ਮੀਨੀ ਪਾਣੀ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਉਦਯੋਗਿਕ ਪਲਾਂਟ ਨਾਲ ਜ਼ਮੀਨੀ ਪਾਣੀ ਦੀ ਕਵਾਲਟੀ ਤੇ ਕੋਈ ਪ੍ਰਭਾਵ ਤਾਂ ਨਹੀ ਪਿਆ। | ਜ਼ਮੀਨੀ ਪਾਣੀ ਦੀ ਕਵਾਲਟੀ ਦੀ ਜਾਂਚ ਪ੍ਰਵਾਨਿਤ ਲੈਬੋਰਟਰੀ ਕਰਵਾਈ ਜਾਵੇਗੀ ਅਤੇ ਪਰਿਣਾਮ ਉਦਯੋਗਿਕ ਪਲਾਂਟ ਦੇ ਬਾਹਰ ਪ੍ਰਦਰਸ਼ਿਤ ਕੀਤੇ ਜਾਣਗੇ। |
| 15. | ਡਾ. ਸੁਨੀਲ ਸ਼ਰਮਾ, ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | ਉਦਯੋਗ ਦੇ ਪ੍ਰਦੂਸ਼ਣ ਕਾਰਨ ਮੈਨੂੰ ਚਮੜੀ, ਦਮਾ ਆਦਿ ਦੀਆਂ ਬਿਮਾਰੀਆਂ ਸੰਬੰਧੀ ਕੋਈ ਸੂਚਨਾ ਨਹੀ ਂ ਪ੍ਰਾਪਤ ਹੋਈ। ਮੈ ਂ ਉਦਯੋਗਿਕ ਪਲਾਂਟ ਦੇ ਵਿਸਥਾਰ ਦੇ ਪੱਖ ਵਿੱਚ ਹਾਂ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋ ਂ ਕੋਈ ਜਵਾਬ ਨਹੀ ਂ ਸੀ ਦਿੱਤਾ ਗਿਆ। |
| 16. | ਸ੍ਰੀ ਮੁਖਤਿਆਰ ਸਿੰਘ ਸਰਪੰਚ ਪਿੰਡ ਨਡਿਆਲੀ, ਜਿਲ੍ਹਾ ਐਸ.ਏ.ਐਸ. ਨਗਰ। | ਜੇਕਰ ਉਦਯੋਗ ਵਾਤਾਵਰਨਕ ਨਿਯਮਾਂ ਦੀ ਪਾਲਣਾ ਕਰਦਾ ਹੈ, ਤਦ ਸਾਨੂੰ ਉਦਯੋਗਿਕ ਪਲਾਂਟ ਦੇ ਵਿਸਥਾਰ ਲਈ ਕੋਈ ਇਤਰਾਜ਼ ਨਹੀ ਂ ਹੈ। | ਜਵਾਬ ਜਿਵੇ ਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |
| 17. | ਸ੍ਰੀ ਜਸਪਾਲ ਸਿੰਘ, ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | • ਬਾਇਲਰਾਂ ਚੋ ਂ ਭਾਫ ਨਿਕਲਣ ਨਾਲ ਉਦਯੋਗ ਇਲਾਕੇ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰ ਰਿਹਾ ਹੈ।<br>• ਅਨੇਕਾਂ ਬਜੁਰਗ ਲੋਕ ਉਦਯੋਗ ਦਵਾਰਾ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ ਕਰਕੇ ਅੱਖਾਂ ਦੀਆਂ ਬਿਮਾਰੀਆਂ ਤੋ | ਜਵਾਬ ਜਿਵੇ ਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |

| | | | |
|---|---|---|---|
| | | ਪੀੜ੍ਹਤ ਹੋ ਰਹੇ ਹਨ।<br>• ਇੱਕ ਵਾਰੀ ਜਦੋਂ ਫੈਕਟਰੀ ਵਿੱਚੋਂ ਅਚਾਨਕ ਨਾਇਜ਼ ਪ੍ਰਦੂਸ਼ਣ ਹੋਈ ਤਾਂ ਇੱਕ ਲੜਕੀ ਇਸ ਨਾਲ ਡਰ ਗਈ ਅਤੇ ਉਹ ਦੋੜ ਪਈ, ਜਿਸ ਕਰਕੇ ਉਸਦੀ ਇੱਕ ਲੱਤ ਟਰੱਕ ਥੱਲੇ ਆਉਣ ਨਾਲ ਕੱਟੀ ਗਈ । | |
| 18. | ਸ੍ਰੀ ਪਰਮਜੀਤ ਸਿੰਘ, ਪਿੰਡ ਜੰਗਪੁਰਾ, ਜਿਲ੍ਹਾ ਐਸ.ਏ.ਐਸ. ਨਗਰ। | ਉਦਯੋਗ ਦਵਾਰਾ ਉਨ੍ਹਾਂ ਦੇ ਪਿੰਡਾਂ ਨੂੰ ਪਾਣੀ ਸਪਲਾਈ ਪ੍ਰਦਾਨ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਉਦਯੋਗਿਕ ਪਲਾਂਟ ਦੇ ਵਿਸਥਾਰ ਲਈ ਕੋਈ ਇਤਰਾਜ਼ ਨਹੀਂ ਹੈ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਨਹੀਂ ਸੀ ਦਿੱਤਾ ਗਿਆ। |
| 19. | ਸ੍ਰੀ ਜਸਬੀਰ ਸਿੰਘ, ਪਿੰਡ ਨਡਿਆਲੀ, ਜਿਲ੍ਹਾਂ ਐਸ.ਏ.ਐਸ. ਨਗਰ। | • ਇੱਥੇ ਸੜ੍ਹਕਾਂ ਦੀ ਸਮੱਸਿਆ ਹੈ ਅਤੇ ਉਦਯੋਗ ਦੇ ਮੁੱਖ ਗੇਟ ਦੇ ਸਾਹਮਣੇ ਬਹੁਤ ਨੀਵਾਂ ਇਲਾਕਾ ਹੋਣ ਦੇ ਕਾਰਨ, ਮੀਂਹ ਦਾ ਪਾਣੀ ਇਕੱਠਾ ਹੋ ਜਾਂਦਾ ਹੈ ਜਿਸਦੇ ਕਾਰਣ ਵਰਖਾ ਰੁੱਤ ਦੇ ਦੌਰਾਨ ਸੜ੍ਹਕ ਤੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ।<br>• ਪੁਰਾਣੀਆਂ ਬੋਤਲਾਂ ਦਾ ਟੁੱਟਿਆ ਸ਼ੀਸ਼ਾ ਉਦਯੋਗ ਦਵਾਰਾ ਉਚਿਤ ਢੰਗ ਨਾਲ ਨਹੀ ਸਾਂਭਿਆ ਜਾਂਦਾ ਜਿਸ ਦੇ ਕਾਰਣ ਇਸ ਨਾਲ ਕਈ ਵਾਰ ਵਾਹਨਾਂ ਦੇ ਟਾਇਰਾਂ ਨੂੰ ਨੁਕਸਾਨ ਹੋਇਆ।<br>• ਮੈਨੂੰ ਉਦਯੋਗ ਦੇ ਵਿਸਥਾਰ ਲਈ ਕੋਈ ਇਤਰਾਜ ਨਹੀ ਹੈ ਬਸ਼ਰਤੇ ਕਿ ਸਥਾਨਕ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇ। | • ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਭਵਿੱਖ ਵਿੱਚ ਟੁੱਟੇ ਸ਼ੀਸ਼ੇ ਦੀ ਸਾਂਭ ਸੰਭਾਲ ਲਈ ਉਚਿਤ ਧਿਆਨ ਰੱਖਿਆ ਜਾਵੇਗਾ। |
| 20. | ਸ੍ਰੀ ਕਿਸ਼ੋਰ ਕੁਮਾਰ, ਠੇਕੇਦਾਰ। | ਉਦਯੋਗ ਦੀ ਸਮਰਥਾ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸਥਾਨਕ ਲੋਕਾਂ ਨੂੰ ਵਧੇਰੇ ਰੋਜ਼ਗਾਰ ਮਿਲ ਸਕੇ ਕਿਉਂ ਜੋ ਇਲਾਕੇ ਵਿੱਚ ਹੋਰ ਕੋਈ ਵੱਡੇ ਪੈਮਾਨੇ ਦਾ ਉਦਯੋਗ ਨਹੀਂ ਹੈ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਦਿੱਤੇ ਜਾਣ ਦੀ ਲੋੜ ਨਹੀਂ। |

| | | | |
|---|---|---|---|
| 21. | ਸ੍ਰੀ ਸੁਰਿੰਦਰ ਸਿੰਘ, ਪਿੰਡ ਜੰਗਪੁਰਾ, ਜਿਲ੍ਹਾ ਐਸ.ਏ.ਐਸ. ਨਗਰ। | ਉਦਯੋਗ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਸਥਾਨਕ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਣਾ ਚਾਹੀਦਾ ਹੈ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਦਿੱਤੇ ਜਾਣ ਦੀ ਲੋੜ ਨਹੀਂ। |
| 22. | ਸ੍ਰੀ ਮਹਿੰਦਰ ਸਿੰਘ, ਪਿੰਡ ਧਰਮਗੜ੍ਹ, ਜਿਲ੍ਹਾ ਐਸ.ਏ.ਐਸ. ਨਗਰ। | ਉਦਯੋਗ ਵੱਲੋਂ ਪ੍ਰਦੂਸ਼ਣ ਤੇ ਨਿਯੰਤਰਣ ਪਾਉਣ ਲਈ ਕਾਫ਼ੀ ਕਦਮ ਚੁੱਕੇ ਗਏ ਹਨ ਅਤੇ ਇਸ ਵੱਲੋਂ ਇਲਾਕੇ ਦੇ ਵਸਨੀਕਾਂ ਨੂੰ ਸਿੱਧਾ ਅਤੇ ਅਸਿੱਧਾ ਰੋਜ਼ਗਾਰ ਪ੍ਰਦਾਨ ਕੀਤਾ ਗਿਆ ਹੈ। ਇਸ ਲਈ ਮੈਂ ਉਦਯੋਗਿਕ ਪਲਾਂਟ ਦੇ ਵਿਸਥਾਰ ਦੇ ਪੱਖ ਵਿੱਚ ਹਾਂ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਦਿੱਤੇ ਜਾਣ ਦੀ ਲੋੜ ਨਹੀਂ। |
| 23. | ਸ੍ਰੀ ਤਰਲੋਚਨ ਸਿੰਘ ਵਾਲੀਆ, ਬਨੂੰੜ, ਜਿਲ੍ਹਾ ਐਸ.ਏ.ਐਸ. ਨਗਰ। | ਇਸ ਉਦਯੋਗ ਨਾਲ ਇਲਾਕੇ ਵਿੱਚ ਕੋਈ ਪ੍ਰਦੂਸ਼ਣ ਸਮੱਸਿਆ ਨਹੀ ਂਹੈ ਅਤੇ ਜਨਤਕ ਸੁਣਵਾਈ ਕਰਾਉਣ ਲਈ ਵਿਭਾਗ ਵੱਲੋ ਂਉਚਿਤ ਵਿਗਿਆਪਨ ਦਿੱਤਾ ਗਿਆ ਸੀ। | ਇਸ ਸੰਬੰਧ ਵਿੱਚ ਪ੍ਰੋਜੈਕਟ ਪ੍ਰਸਤੁਤਕਰਤਾ ਵੱਲੋਂ ਕੋਈ ਜਵਾਬ ਦਿੱਤੇ ਜਾਣ ਦੀ ਲੋੜ ਨਹੀਂ। |
| 24. | ਸ੍ਰੀ ਮਨੀ ਸਿੰਘ, ਬੀ.ਕੇ.ਯੂ., ਜਿਲ੍ਹਾ ਐਸ.ਏ.ਐਸ. ਨਗਰ। | • ਉਦਯੋਗ ਵੱਲ ਜਾਂਦੀ ਪਹੁੰਚ ਸੜ੍ਹਕ ਪਿਛਲੇ 30 ਸਾਲਾਂ ਤੋਂ ਬੜੀ ਬੁਰੀ ਦਸ਼ਾ ਵਿੱਚ ਹੈ।<br>• ਉਦਯੋਗ ਵੱਲੋ ਇਲਾਕੇ ਦੇ ਵਸਨੀਕਾਂ ਨੂੰ ਬਹੁਤ ਸਾਰਾ ਰੋਜ਼ਗਾਰ ਦਿੱਤਾ ਜਾ ਚੁੱਕਾ ਹੈ।<br>• ਅਗਰ ਉਦਯੋਗਿਕ ਪਲਾਂਟ ਦਾ ਵਿਸਥਾਰ ਕੀਤਾ ਜਾਂਦਾ ਹੈ, ਤਦ ਰੋਜ਼ਗਾਰ ਇਲਾਕੇ ਦੇ ਵਸਨੀਕਾਂ ਨੂੰ ਹੀ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਸੜ੍ਹਕ ਦੀ ਮੁਰੰਮਤ ਉਦਯੋਗ ਦੇ ਪ੍ਰਬੰਧਕਾਂ ਵੱਲੋ ਕੀਤੀ ਜਾਣੀ ਚਾਹੀਦੀ ਹੈ। | ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |
| 25. | ਸ੍ਰੀ ਅਮਰੀਕ ਸਿੰਘ, ਪਿੰਡ ਧਰਮਗੜ੍ਹ, ਜਿਲ੍ਹਾ ਐਸ.ਏ.ਐਸ. ਨਗਰ। | ਮੈਂ ਉਦਯੋਗ ਦੇ ਵਿਸਥਾਰ ਦੇ ਪੱਖ ਵਿਚ ਹਾਂ ਬਸ਼ਰਤੇ ਕਿ ਨੇੜੇ ਦੇ ਪਿੰਡਾਂ ਦੇ ਵਸਨੀਕਾਂ ਨੂੰ ਰੋਜ਼ਗਾਰ ਦਿੱਤਾ ਜਾਵੇ। | ਜਵਾਬ ਜਿਵੇਂ ਉਪਰੋਕਤ ਦਿੱਤਾ ਜਾ ਚੁੱਕਾ ਹੈ। |
| 26. | ਸ੍ਰੀ ਸਤਨਾਮ ਸਿੰਘ, ਚੇਅਰਮੈਨ ਜ਼ਿਲ੍ਹਾ | • ਉਦਯੋਗ, ਇਲਾਕੇ ਦੇ | • ਇਸ ਸੰਬੰਧ ਵਿੱਚ ਕੋਈ |

| | | | |
|---|---|---|---|
| | ਪ੍ਰੀਸ਼ਦ ਮੋਹਾਲੀ। | ਵਸਨੀਕਾ ਲਈ ਰੋਜ਼ਗਾਰ ਦਾ ਇੱਕ ਸਾਧਨ ਹੈ।<br>• ਉਦਯੋਗ ਦੇ ਪ੍ਰਬੰਧਕਾ ਵੱਲੋ ਸੜ੍ਹਕ ਦੀ ਪੁਨਰ ਉਸਾਰੀ ਲਈ ਪਹਿਲ ਕੀਤੀ ਜਾਣੀ ਚਾਹੀਦੀ ਹੈ।<br>• ਨੇੜੇ ਦੇ ਕਾਮਿਆ/ਵਸਨੀਕਾਂ ਦੀ ਡਾਕਟਰੀ ਜਾਂਚ ਨਿਯਮਿਤ ਆਧਾਰ ਤੇ ਕੀਤੀ ਜਾਵੇ। | ਜਵਾਬ ਦਿੱਤੇ ਜਾਣ ਦੀ ਲੋੜ ਨਹੀਂ।<br>• ਜਵਾਬ ਜਿਵੇ ਉਪਰੋਕਤ ਦਿੱਤਾ ਜਾ ਚੁੱਕਾ ਹੈ।<br>• ਉਦਯੋਗ ਦੇ ਪ੍ਰਤਿਨਿਧ ਵੱਲੋ ਨੇੜੇ ਦੇ ਲੋਕਾਂ ਨੂੰ ਡਾਕਟਰੀ ਸਹੂਲਤ ਪ੍ਰਦਾਨ ਕਰਨ ਦਾ ਭਰੋਸਾ ਦਿਵਾਇਆ ਗਿਆ ਤੇ ਦੱਸਿਆ ਕਿ ਕਾਮਿਆਂ ਦੀ ਨਿਯਮਿਤ ਡਾਕਟਰੀ ਜਾਂਚ, ਡਾਕਟਰੀ ਕੈਂਪ ਲਗਾ ਕੇ ਕੀਤੀ ਜਾਂਦੀ ਹੈ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਜਨਤਕ ਸੁਣਵਾਈ ਵਿੱਚ 323 ਲੋਕ ਹਾਜਿਰ ਸਨ ।

ਜਨਤਕ ਸੁਣਵਾਈ ਤੋਂ ਪਹਿਲਾਂ ਪ੍ਰਾਪਤ ਹੋਈਆਂ ਦੋ ਅਰਜ਼ੀਆਂ ਲਿਖਤੀ ਰੂਪ ਵਿੱਚ ਪ੍ਰਾਪਤ ਹੋਈਆਂ ਸਨ ਜਿਸ ਵਿੱਚ ਇਲਾਕਾ ਨਿਵਾਸੀਆਂ ਵਲੋਂ ਆਪਣੀਆਂ ਟਿੱਪਣੀਆਂ/ਇਤਰਾਜ਼ ਦਰਜ਼ ਕੀਤੇ ਹਨ ਉਹਨਾਂ ਦੀ ਇੱਕ-ਇੱਕ ਕਾਪੀ ਅਨੁਲਗ ੳ ਅਤੇ ਅ ਅਨੁਸਾਰ ਇਸ ਨਾਲ ਨੱਥੀ ਕੀਤੀ ਜਾਂਦੀ ਹੈ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

**(ਜੋਗਿੰਦਰ ਸਿੰਘ)**
ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਐਸ.ਏ.ਐਸ. ਨਗਰ

**(ਐਸ.ਐਸ ਮਠਾੜੂ)**
ਵਾਤਾਵਰਣ ਇੰਜੀਨੀਅਰ (ਮੈਗਾ)
ਪੀਪੀਸੀਬੀ ਪਟਿਆਲਾ

**(ਦਿਲਰਾਜ ਸਿੰਘ)** ਪੀਸੀਐਸ.
ਅਡੀਸ਼ਨਲ ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ,